20-MAY-PAGE-1.qxd 5/19/2023 9:29 PM Page 1

ਸ਼ਨੀਵਾਰ, 20 ਮਈ, 2023
6 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 349

ਨਵਾਂ ਜ਼ਮਾਨਾ

DAILY NAWAN ZAMANA • SATURDAY, 20 MAY, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਫਿਰ ਨੋਟਬੰਦੀ !

30 ਸਤੰਬਰ ਤੋਂ ਬਾਅਦ ਨਹੀਂ ਚੱਲੇਗਾ 2000 ਦਾ ਨੋਟ

ਨਵੀਂ ਦਿੱਲੀ : ਭਾਰਤੀ ਰਿਜ਼ਰਵ ਬੈਂਕ ਨੇ ਦੇਸ਼ ਦੇ ਸਭ ਤੋਂ ਵੱਡੇ ਕਰੰਸੀ ਨੋਟ 2000 ਰੁਪਏ 'ਤੇ ਵੱਡਾ ਫੈਸਲਾ ਲਿਆ ਹੈ। ਭਾਰਤ 'ਚ 2000 ਰੁਪਏ ਦੇ ਨੋਟ ਬੰਦ ਹੋਣ ਜਾ ਰਹੇ ਹਨ। ਇਸ ਬਾਰੇ ਸ਼ੁੱਕਰਵਾਰ ਆਰ ਬੀ ਆਈ ਨੇ ਇੱਕ ਅਹਿਮ ਮੀਟਿੰਗ 'ਚ ਫੈਸਲਾ ਲੈਂਦਿਆਂ ਜਾਣਕਾਰੀ ਦਿੱਤੀ ਹੈ ਕਿ 30 ਸਤੰਬਰ 2023 ਤੱਕ ਇਨ੍ਹਾਂ ਨੋਟਾਂ ਨੂੰ ਬਦਲਿਆ ਜਾ ਸਕਦਾ ਹੈ। ਭਾਰਤੀ ਰਿਜ਼ਰਵ ਬੈਂਕ ਨੇ ਸਰਕੂਲਰ ਜਾਰੀ ਕਰਦੇ ਹੋਏ ਕਿਹਾ ਕਿ 2000 ਦੇ ਨੋਟ ਬੰਦ ਹੋਣ ਜਾ ਰਹੇ ਹਨ। ਸਰਕੂਲਰ ਮੁਤਾਬਕ 2000 ਦੇ ਸਾਰੇ ਨੋਟ ਵਾਪਸ ਲਏ ਜਾਣਗੇ। 23 ਮਈ ਤੋਂ ਲੈ ਕੇ 30 ਸਤੰਬਰ ਤੱਕ ਬੈਂਕਾਂ 'ਚੋਂ ਬਦਲਵਾਏ ਜਾ ਸਕਦੇ ਹਨ। 2 ਹਜ਼ਾਰ ਰੁਪਏ ਦਾ ਨੋਟ ਲੀਗਲ ਟੈਂਡਰ ਤਾਂ ਰਹੇਗਾ, ਪਰ ਇਸ ਨੂੰ ਸਰਕੂਲੇਸ਼ਨ ਤੋਂ ਬਾਹਰ ਕਰ ਦਿੱਤਾ ਜਾਵੇਗਾ। 30 ਸਤੰਬਰ ਤੋਂ ਬਾਅਦ 2000 ਦੇ ਨੋਟ ਨਹੀਂ ਚੱਲਣਗੇ। ਰਿਜ਼ਰਵ ਬੈਂਕ ਮੁਤਾਬਕ 2000 ਰੁਪਏ ਦਾ ਨੋਟ ਕਾਨੂੰਨੀ ਤੌਰ 'ਤੇ ਜਾਰੀ ਰਹੇਗਾ ਪਰ ਇਸ ਨੂੰ ਪ੍ਰਚਲਨ ਤੋਂ ਬਾਹਰ ਕਰ ਦਿੱਤਾ ਜਾਵੇਗਾ। ਜਾਣਕਾਰੀ ਮੁਤਾਬਕ ਆਰ ਬੀ ਆਈ ਨੇ ਇਹ ਫੈਸਲਾ ਕਲੀਨ ਨੋਟ ਪਾਲਿਸੀ ਦੇ ਤਹਿਤ ਲਿਆ ਹੈ। ਆਰ ਬੀ ਆਈ ਨੇ ਕਿਹਾ ਹੈ ਕਿ ਦੋ ਹਜ਼ਾਰ ਦੇ ਨੋਟ 30 ਸਤੰਬਰ 2023 ਤੱਕ ਬੈਂਕਾਂ 'ਚ ਜਮ੍ਹਾਂ ਕਰਾਏ ਜਾ ਸਕਦੇ ਹਨ। ਭਾਰਤੀ ਰਿਜ਼ਰਵ ਬੈਂਕ ਨੇ ਦੇਸ਼ ਦੇ ਬੈਂਕਾਂ ਨੂੰ ਸਲਾਹ ਦਿੱਤੀ ਹੈ ਕਿ 2 ਹਜ਼ਾਰ ਰੁਪਏ ਦੇ ਨੋਟ ਨੂੰ ਤੁਰੰਤ ਪ੍ਰਭਾਵ ਨਾਲ ਜਾਰੀ ਕਰਨਾ ਬੰਦ ਕਰ ਦਿੱਤਾ ਜਾਵੇ।

ਸਾਲ 2016 'ਚ ਹੋਈ ਨੋਟਬੰਦੀ ਤੋਂ ਬਾਅਦ ਰਿਜ਼ਰਵ ਬੈਂਕ ਨੇ 2 ਹਜ਼ਾਰ ਰੁਪਏ ਦਾ ਨੋਟ ਜਾਰੀ ਕੀਤਾ ਸੀ। ਰਿਜ਼ਰਵ ਬੈਂਕ ਅਨੁਸਾਰ 23 ਮਈ 2023 ਤੋਂ ਕਿਸੇ ਵੀ ਬੈਂਕ 'ਚ ਇੱਕ ਸਮੇਂ ਦੋ ਹਜ਼ਾਰ ਰੁਪਏ ਦੇ ਨੋਟਾਂ ਨੂੰ ਬਦਲਵਾਇਆ ਜਾ ਸਕਦਾ ਹੈ। ਆਰ ਬੀ ਆਈ ਮੁਤਾਬਕ 23 ਮਈ ਤੋਂ 30 ਸਤੰਬਰ ਤੱਕ 20,000 ਰੁਪਏ ਤੱਕ ਦੇ ਨੋਟ ਇੱਕ ਵਾਰ 'ਚ ਬਦਲੇ ਜਾ ਸਕਦੇ ਹਨ। 8 ਨਵੰਬਰ 2016 ਨੂੰ ਮੰਗਲਯਾਨ ਦੀ ਥੀਮ ਵਾਲਾ 2000 ਰੁਪਏ ਦਾ ਨਵਾਂ ਨੋਟ ਪੇਸ਼ ਕੀਤਾ ਗਿਆ ਸੀ। ਦਰਅਸਲ, ਉਸ ਸਮੇਂ 500 ਅਤੇ ਹਜ਼ਾਰ ਰੁਪਏ ਦੇ ਨੋਟ ਬੰਦ ਕਰ ਦਿੱਤੇ ਗਏ ਸਨ। ਜਿਸ ਤੋਂ ਬਾਅਦ 500 ਅਤੇ 2000 ਰੁਪਏ ਦੇ ਨਵੇਂ ਨੋਟ ਪੇਸ਼ ਕੀਤੇ ਗਏ।

31 ਤੱਕ ਸਰਕਾਰੀ ਜ਼ਮੀਨਾਂ 'ਤੇ ਕਬਜ਼ੇ ਨਾ ਛੱਡੇ ਤਾਂ ਪਹਿਲੀ ਤੋਂ ਸਖਤ ਕਾਰਵਾਈ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਰਸੂਖਦਾਰਾਂ ਨੂੰ ਆਖਰੀ ਚੇਤਾਵਨੀ ਜਾਰੀ ਕੀਤੀ ਹੈ ਕਿ ਉਹ ਸਰਕਾਰੀ ਜ਼ਮੀਨਾਂ ਤੋਂ 31 ਮਈ ਤੱਕ ਨਾਜਾਇਜ਼ ਕਬਜ਼ੇ ਛੱਡ ਦੇਣ ਨਹੀਂ ਤਾਂ ਪਹਿਲੀ ਜੂਨ ਤੋਂ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਮਾਨ ਨੇ ਟਵੀਟ ਕਰਦਿਆਂ ਕਿਹਾ, ਜਿਹੜੇ ਰਸੂਖਦਾਰ ਲੋਕਾਂ ਨੇ ਪੰਜਾਬ 'ਚ ਪੰਚਾਇਤੀ, ਸ਼ਾਮਲਾਟ, ਜੰਗਲਾਤ ਵਿਭਾਗ ਜਾਂ ਕੋਈ ਹੋਰ ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ, ਉਨ੍ਹਾਂ ਨੂੰ ਅਪੀਲ ਹੈ ਕਿ 31 ਮਈ ਤੱਕ ਆਪਣੇ ਕਬਜ਼ੇ ਛੱਡ ਦੇਣ, ਕਿਉਂਕਿ ਪੰਜਾਬ ਸਰਕਾਰ ਵੱਲੋਂ 1 ਜੂਨ ਤੋਂ ਸਖਤ ਕਾਨੂੰਨੀ ਕਾਰਵਾਈ ਕਰਕੇ ਨਜਾਇਜ਼ ਕਬਜ਼ੇ ਛੁਡਵਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਨਾਜਾਇਜ਼ ਕਬਜ਼ਿਆਂ ਤੋਂ ਜ਼ਮੀਨ ਨੂੰ ਮੁਕਤ ਕਰਵਾਉਣ ਲਈ ਸੂਬਾ ਸਰਕਾਰ ਵਚਨਬੱਧ ਹੈ। ਉਨ੍ਹਾ ਅਫ਼ਸੋਸ ਜ਼ਾਹਰ ਕੀਤਾ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਰਸੂਖਵਾਨਾਂ ਨੇ ਨਿਯਮਾਂ ਨੂੰ ਛਿੱਕੇ ਟੰਗ ਕੇ ਮਹਿੰਗੀਆਂ ਸਰਕਾਰੀ ਜ਼ਮੀਨਾਂ ਉਤੇ ਨਾਜਾਇਜ਼ ਕਬਜ਼ੇ ਕੀਤੇ ਸਨ, ਜੋ ਸਰਾਸਰ ਧੱਕਾ ਸੀ। ਭਗਵੰਤ ਮਾਨ ਨੇ ਕਿਹਾ ਕਿ ਕਾਰਜਕਾਲ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਸਾਡੀ ਸਰਕਾਰ ਨੇ ਨਾਜਾਇਜ਼ ਕਬਜ਼ਿਆਂ ਖਿਲਾਫ਼ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੋਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਵੱਡੇ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਸੂਬਾ ਸਰਕਾਰ ਨੇ ਹੁਣ ਤੱਕ ਨੌਂ ਹਜ਼ਾਰ ਏਕੜ ਤੋਂ ਵੱਧ ਜ਼ਮੀਨ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਇਆ ਹੈ। ਉਨ੍ਹਾ ਕਿਹਾ ਕਿ ਇਹ ਕੰਮ ਇਸੇ ਰਫ਼ਤਾਰ ਨਾਲ ਜਾਰੀ ਰਹੇਗਾ ਅਤੇ ਨਾਜਾਇਜ਼ ਕਬਜ਼ਿਆਂ ਅਧੀਨ ਆਉਂਦੀ ਇਕ-ਇਕ ਇੰਚ ਸਰਕਾਰੀ ਜ਼ਮੀਨ ਨੂੰ ਹਰ ਕੀਮਤ ਉਤੇ ਖਾਲੀ ਕਰਵਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਬਜ਼ੇ ਹਟਾਉਣ ਲਈ ਸੂਬਾ ਸਰਕਾਰ ਪਹਿਲੀ ਜੂਨ ਤੋਂ ਵੱਡੇ ਪੱਧਰ ਉਤੇ ਮੁਹਿੰਮ ਵਿੱਢੇਗੀ। ਇਸ ਮੁਹਿੰਮ ਦੌਰਾਨ ਕਿਸੇ ਨੂੰ ਵੀ ਭਾਵੇਂ ਉਹ ਕਿੰਨਾ ਵੀ ਰਸੂਖਵਾਨ ਕਿਉਂ ਨਾ ਹੋਵੇ, ਬਖਸ਼ਿਆ ਨਹੀਂ ਜਾਵੇਗਾ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਅਜਿਹੀਆਂ ਜ਼ਮੀਨਾਂ ਉਤੇ ਜੇ ਕੋਈ ਰਹਿ ਰਿਹਾ ਹੈ, ਉਸ ਨੂੰ ਡਰਨ ਦੀ ਲੋੜ ਨਹੀਂ, ਕਿਉਂਕਿ ਉਨ੍ਹਾਂ ਨੂੰ ਇਸ ਮੁਹਿੰਮ ਦੌਰਾਨ ਹਟਾਇਆ ਨਹੀਂ ਜਾਵੇਗਾ।

ਗੈਂਗਸਟਰ ਅੰਮ੍ਰਿਤਪਾਲ ਹੇਅਰ ਨੂੰ ਭਾਰਤ ਲਿਆਂਦਾ

ਨਵੀਂ ਦਿੱਲੀ : ਵਿਦੇਸ਼ੀਂ ਬੈਠੇ ਗੈਂਗਸਟਰ ਅਰਸ਼ ਡੱਲਾ ਅਤੇ ਸੁੱਖਾ ਦੂਨੀ ਦੇ ਕਰੀਬੀ ਅੰਮ੍ਰਿਤਪਾਲ ਸਿੰਘ ਹੇਅਰ ਨੂੰ ਫਿਲਪੀਨਜ਼ 'ਚ ਗ੍ਰਿਫਤਾਰ ਕਰਕੇ ਉਥੋਂ ਡਿਪੋਰਟ ਕਰਵਾ ਕੇ ਵੀਰਵਾਰ ਦੇਰ ਰਾਤ ਭਾਰਤ ਲਿਆਂਦਾ ਗਿਆ। ਅੰਮ੍ਰਿਤਪਾਲ ਖਾਲਿਸਤਾਨ ਟਾਈਗਰ ਫੋਰਸ ਨਾਲ ਜੁੜਿਆ ਹੋਇਆ ਹੈ। ਮੋਗਾ ਦਾ ਰਹਿਣ ਵਾਲਾ ਅੰਮ੍ਰਿਤਪਾਲ ਕਾਫੀ ਸਮੇਂ ਤੋਂ ਫਿਲਪੀਨਜ਼ 'ਚ ਮੌਜੂਦ ਸੀ ਅਤੇ ਉਸ ਦੇ ਇਸ਼ਾਰੇ 'ਤੇ ਪੰਜਾਬ 'ਚ ਕਈ ਖੂਨੀ ਵਾਰਦਾਤਾਂ ਨੂੰ ਵੀ ਅੰਜਾਮ ਦਿੱਤਾ ਗਿਆ ਸੀ।

ਖੰਨਾ 'ਚ ਕਈ ਕੁੱਤੇ ਮਾਰ'ਤੇ

ਖੰਨਾ : ਸਥਾਨਕ ਲਲਹੇੜੀ ਰੋਡ 'ਤੇ ਸਥਿਤ ਕੇਹਰ ਸਿੰਘ ਕਾਲੋਨੀ 'ਚ ਕੁਝ ਸ਼ਰਾਰਤੀ ਅਨਸਰਾਂ ਨੇ ਜ਼ਹਿਰੀਲੇ ਲੱਡੂ ਖੁਆ ਕੇ 20 ਤੋਂ ਵੱਧ ਕੁੱਤੇ ਮਾਰ ਦਿੱਤੇ। ਲੋਕਾਂ ਨੇ ਦੱਸਿਆ ਕਿ ਵੀਰਵਾਰ ਤੱਕ ਕਰੀਬ 20-25 ਕੁੱਤੇ ਘੁੰਮ ਰਹੇ ਸਨ ਤੇ ਸਵੇਰ ਤੋਂ ਹੀ ਕਈ ਕੁੱਤੇ ਉਲਟੀਆਂ ਕਰਦੇ ਨਜ਼ਰ ਆਏ ਤੇ ਫਿਰ ਉਨ੍ਹਾਂ ਦੀ ਮੌਤ ਹੋ ਗਈ। ਡੀ ਐੱਸ ਪੀ ਟਰੇਨੀ ਐਡੀਸ਼ਨਲ ਐੱਸ ਐੱਚ ਓ ਮਨਦੀਪ ਕੌਰ ਨੇ ਦੱਸਿਆ ਕਿ ਪੰਜ ਕੁੱਤਿਆਂ ਦੀਆਂ ਲਾਸ਼ਾਂ ਮਿਲੀਆਂ ਹਨ, ਜਿਨ੍ਹਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

ਗੈਸ ਨੇ ਪਾਈ ਦਹਿਸ਼ਤ

ਡੇਰਾਬੱਸੀ : ਬਰਵਾਲਾ ਰੋਡ 'ਤੇ ਸਥਿਤ ਸੌਰਵ ਕੈਮੀਕਲ ਫੈਕਟਰੀ 'ਚ ਵੀਰਵਾਰ ਦੇਰ ਰਾਤ ਰਸਾਇਣ ਡਰੱਮ ਫਟਣ ਕਾਰਨ ਦਹਿਸ਼ਤ ਫੈਲ ਗਈ। ਪਿੰਡ ਸੈਦਪੁਰਾ ਸਥਿਤ ਯੂਨਿਟ 1 'ਚ ਰਾਤ 11 ਵਜੇ ਕੰਮ ਕਰਦੇ ਹੋਏ ਕੈਮੀਕਲ ਦਾ ਡਰੱਮ ਫਟ ਗਿਆ, ਜਿਸ ਵਿਚੋਂ ਗੈਸ ਨਿਕਲ ਕੇ ਨੇੜਲੇ ਰਿਹਾਇਸ਼ੀ ਇਲਾਕੇ 'ਚ ਫੈਲ ਗਈ ਤੇ ਲੋਕਾਂ ਨੂੰ ਅੱਖਾਂ 'ਚ ਜਲਣ ਹੋਣ ਲੱਗੀ ਤੇ ਸਾਹ ਲੈਣ ਵਿਚ ਦਿੱਕਤ ਆਉਣ ਲੱਗੀ। ਇਸ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਗਈ। ਫਾਇਰ ਬ੍ਰਿਗੇਡ ਨੇ ਡੇਢ ਘੰਟੇ ਵਿਚ ਸਥਿਤੀ ਕਾਬੂ ਕੀਤੀ, ਜਿਸ ਮਗਰੋਂ ਲੋਕਾਂ ਨੇ ਸੁੱਖ ਦਾ ਸਾਹ ਲਿਆ।

ਸੁਪਰੀਮ ਕੋਰਟ ਦੇ ਦੋ ਨਵੇਂ ਜੱਜਾਂ ਨੇ ਸਹੁੰ ਚੁੱਕੀ

ਨਵੀਂ ਦਿੱਲੀ : ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਸ਼ੁੱਕਰਵਾਰ ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਸੀਨੀਅਰ ਵਕੀਲ ਕਲਪਤੀ ਵੈਂਕਟਾਰਮਨ ਵਿਸ਼ਵਨਾਥਨ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਸਹੁੰ ਚੁਕਾਈ। ਇਸ ਦੇ ਨਾਲ ਹੀ ਸੁਪਰੀਮ ਕੋਰਟ 'ਚ ਜੱਜਾਂ ਦੀ ਗਿਣਤੀ 34 ਹੋ ਗਈ ਹੈ, ਜੋ ਇਸ ਦੀ ਪ੍ਰਵਾਨਤ ਗਿਣਤੀ ਹੈ।

ਸੁਪਰੀਮ ਕੋਰਟ ਨੇ ਆਨੰਦ ਮੋਹਨ ਨੂੰ ਛੱਡਣ ਦਾ ਰਿਕਾਰਡ ਮੰਗਿਆ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੇ ਬੀ ਪਾਰਦੀਵਾਲਾ ਦੀ ਬੈਂਚ ਨੇ ਬਿਹਾਰ ਸਰਕਾਰ ਨੂੰ ਆਈ ਏ ਐੱਸ ਅਧਿਕਾਰੀ ਜੀ ਕ੍ਰਿਸ਼ਣਈਆ ਦੀ 1994 'ਚ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਸੰਸਦ ਮੈਂਬਰ ਆਨੰਦ ਮੋਹਨ ਨੂੰ ਸਜ਼ਾ 'ਚ ਛੋਟ ਦੇ ਕੇ ਜੇਲ੍ਹੋਂ ਬਾਹਰ ਕਰਨ ਨਾਲ ਸੰਬੰਧਤ ਸਾਰੇ ਦਸਤਾਵੇਜ਼ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

ਪੀ ਖੁਰਾਣਾ ਦਾ ਦੇਹਾਂਤ

ਪੰਚਕੂਲਾ : ਮਸ਼ਹੂਰ ਜੋਤਸ਼ੀ ਤੇ ਅਦਾਕਾਰ ਆਯੁਸ਼ਮਾਨ ਖੁਰਾਣਾ ਦੇ ਪਿਤਾ ਪੀ ਖੁਰਾਣਾ ਦਾ ਸ਼ੁੱਕਰਵਾਰ ਸਵੇਰੇ ਦੇਹਾਂਤ ਹੋ ਗਿਆ। ਉਹ ਦਿਲ ਦੇ ਰੋਗ ਕਾਰਨ ਦੋ ਦਿਨਾਂ ਤੋਂ ਪ੍ਰਾਈਵੇਟ ਹਸਪਤਾਲ 'ਚ ਦਾਖਲ ਸਨ। ਸਵੇਰੇ ਵੈਂਟੀਲੇਟਰ ਨੇ ਵੀ ਕੰਮ ਕਰਨਾ ਬੰਦ ਕਰ ਦਿੱਤਾ। ਪੀ. ਖੁਰਾਣਾ ਪੰਚਕੂਲਾ ਦੇ ਸੈਕਟਰ 2 ਵਿੱਚ ਰਹਿੰਦੇ ਸਨ। ਮਰਹੂਮ ਪੀ ਖੁਰਾਣਾ ਦੇ ਪਰਵਾਰ 'ਚ ਪਤਨੀ, ਦੋ ਪੁੱਤਰ ਆਯੁਸ਼ਮਾਨ ਖੁਰਾਣਾ ਤੇ ਅਪਾਰਸ਼ਕਤੀ ਹਨ। ਅਪਾਰਸ਼ਕਤੀ ਵੀ ਬਾਲੀਵੁੱਡ 'ਚ ਸੰਘਰਸ਼ ਕਰ ਰਿਹਾ ਹੈ।

ਮੋਦੀ ਛੇ ਦਿਨਾਂ ਲਈ ਬਾਹਰ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ੁੱਕਰਵਾਰ ਜਾਪਾਨ, ਪਾਪੂਆ ਨਿਊ ਗਿਨੀ ਅਤੇ ਆਸਟਰੇਲੀਆ ਦੇ ਛੇ ਦਿਨਾਂ ਦੌਰੇ 'ਤੇ ਰਵਾਨਾ ਹੋ ਗਏ, ਜਿੱਥੇ ਉਹ ਜੀ-7, ਕੁਆਡ ਸਮੂਹ ਸਮੇਤ ਕੁਝ ਬਹੁ-ਪੱਖੀ ਸਿਖਰ ਸੰਮੇਲਨਾਂ 'ਚ ਸ਼ਿਰਕਤ ਕਰਨਗੇ। ਉਨ੍ਹਾ ਦੇ 40 ਤੋਂ ਵੱਧ ਸਮਾਗਮਾਂ 'ਚ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਵੱਡੇ ਭਰਾ ਦਾ ਕਤਲ

ਮੋਗਾ : ਧਰਮਕੋਟ ਦੇ ਪਿੰਡ ਲੋਹਗੜ੍ਹ 'ਚ ਵੀਰਵਾਰ ਰਾਤ ਨੌਜਵਾਨ ਨੇ ਆਪਣੇ ਵੱਡੇ ਭਰਾ ਦਾ ਤਲਵਾਰ ਨਾਲ ਕਤਲ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਉਹ ਨਸ਼ੇੜੀ ਸੀ ਅਤੇ ਮਾਂ ਨੂੰ ਅਕਸਰ ਕੁੱਟਦਾ ਰਹਿੰਦਾ ਸੀ। ਮ੍ਰਿਤਕ ਸੁਖਜੀਤ ਸਿੰਘ ਦੀ ਪਤਨੀ ਨੇ ਪੁਲਸ ਨੂੰ ਦੱਸਿਆ ਕਿ ਜਸਵੰਤ ਸਿੰਘ ਨੇ ਸੁਖਜੀਤ 'ਤੇ ਤਲਵਾਰ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਜਸਵੰਤ ਖਿਲਾਫ ਆਈ ਪੀ ਸੀ ਦੀ ਧਾਰਾ 302 ਤਹਿਤ ਮਾਮਲਾ ਦਰਜ ਕਰਕੇ ਉਸ ਦੀ ਭਾਲ ਕਰ ਰਹੀ ਸੀ।

ਹੰਗਾਮੀ ਉਤਾਰਾ

ਚੇਨਈ : ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਜਾ ਰਹੀ ਉਡਾਣ ਦੀ ਉਸ ਸਮੇਂ ਇਥੇ ਐਮਰਜੰਸੀ ਲੈਂਡਿੰਗ ਕੀਤੀ ਗਈ, ਜਦੋਂ ਯਾਤਰੀ ਨੇ ਛਾਤੀ 'ਚ ਦਰਦ ਦੀ ਸ਼ਿਕਾਇਤ ਕੀਤੀ। ਸਾਊਦੀ ਅਰਬ ਦੇ ਜੱਦਾਹ ਸ਼ਹਿਰ ਤੋਂ ਉਡਾਣ ਭਰਨ ਵਾਲੇ ਜਹਾਜ਼ 'ਚ ਕਰੀਬ 280 ਯਾਤਰੀ ਸਵਾਰ ਸਨ। ਜਹਾਜ਼ ਉਤਾਰ ਕੇ ਯਾਤਰੀ ਨੂੰ ਨੇੜੇ ਦੇ ਸਰਕਾਰੀ ਹਸਪਤਾਲ 'ਚ ਲਿਜਾਇਆ ਗਿਆ।

ਕਤਲ ਕੇਸ 'ਚ ਬਰੀ ਕੇਂਦਰੀ ਮੰਤਰੀ ਖਿਲਾਫ ਅਪੀਲ ਰੱਦ

ਲਖਨਊ : ਅਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਕੇਂਦਰੀ ਮੰਤਰੀ ਅਜੇ ਮਿਸ਼ਰਾ ਉਰਫ ਟੇਨੀ ਨੂੰ ਕਤਲ ਕੇਸ ਵਿਚ 2004 'ਚ ਬਰੀ ਕਰਨ ਵਿਰੁੱਧ ਯੂ ਪੀ ਸਰਕਾਰ ਦੀ ਅਪੀਲ ਰੱਦ ਕਰ ਦਿੱਤੀ ਹੈ। ਜਸਟਿਸ ਏ ਆਰ ਮਸੂਦੀ ਤੇ ਜਸਟਿਸ ਓ ਪੀ ਸ਼ੁਕਲਾ ਦੀ ਬੈਂਚ ਨੇ ਕਿਹਾ ਕਿ ਟਰਾਇਲ ਕੋਰਟ ਦੇ ਹੁਕਮ ਵਿਚ ਕੋਈ ਗਲਤੀ ਨਹੀਂ।

8 ਜੁਲਾਈ 2000 ਵਿਚ ਲਖਨਊ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ 24 ਸਾਲਾ ਪ੍ਰਭਾਤ ਗੁਪਤਾ ਨੂੰ ਲਖੀਮਪੁਰ ਖੀਰੀ ਜ਼ਿਲ੍ਹੇ ਦੇ ਤਿਕੁਨੀਆ ਇਲਾਕੇ 'ਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਮਾਮਲੇ ਵਿਚ ਟੈਨੀ ਤੋਂ ਇਲਾਵਾ ਸੁਭਾਸ਼ ਮਾਮਾ, ਸ਼ਸ਼ੀ ਭੂਸ਼ਣ_ਰਫ ਪਿੰਕੀ ਤੇ ਰਾਕੇਸ਼ ਉਰਫ ਡਾਲੂ ਨੂੰ ਨਾਮਜ਼ਦ ਕੀਤਾ ਗਿਆ ਸੀ। ਟਰਾਇਲ ਕੋਰਟ ਨੇ ਸਬੂਤਾਂ ਦੀ ਘਾਟ ਦਸਦਿਆਂ ਸਾਰੇ ਮੁਲਜ਼ਮ ਬਰੀ ਕਰ ਦਿੱਤੇ ਸਨ। ਪ੍ਰਭਾਤ ਦੇ ਭਰਾ ਰਾਜੀਵ ਗੁਪਤਾ ਨੇ ਸੁਣਵਾਈ ਦੌਰਾਨ ਕਿਹਾ ਸੀ ਕਿ ਘਰ ਤੋਂ ਦੁਕਾਨ ਜਾ ਰਹੇ ਪ੍ਰਭਾਤ 'ਤੇ ਪਹਿਲੀ ਗੋਲੀ ਟੈਨੀ ਨੇ ਚਲਾਈ ਸੀ।

ਸੁਪਰੀਮ ਕੋਰਟ ਦੇ ਪੈਨਲ ਨੂੰ ਅਡਾਨੀ ਮਾਮਲੇ 'ਚ ਸੇਬੀ ਦੀ ਨਾਕਾਮੀ ਨਹੀਂ ਲੱਭੀ

ਨਵੀਂ ਦਿੱਲੀ : ਅਡਾਨੀ-ਹਿੰਡਨਬਰਗ ਕੇਸ ਦੀ ਜਾਂਚ ਕਰਨ ਵਾਲੇ ਸੁਪਰੀਮ ਕੋਰਟ ਦੇ ਪੈਨਲ ਦੀ ਰਿਪੋਰਟ ਸ਼ੁੱਕਰਵਾਰ ਜਨਤਕ ਕਰ ਦਿੱਤੀ ਗਈ।

ਪੈਨਲ ਨੇ ਕਿਹਾ ਹੈ ਕਿ ਅਜੇ ਇਸ ਨਤੀਜੇ 'ਤੇ ਨਹੀਂ ਪਹੁੰਚਿਆ ਜਾ ਸਕਦਾ ਕਿ ਅਡਾਨੀ ਦੇ ਸ਼ੇਅਰਾਂ ਦੀ ਕੀਮਤ ਵਿਚ ਕਥਿਤ ਹੇਰਾਫੇਰੀ ਪਿੱਛੇ ਸਕਿਉਰਟੀ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਦੀ ਨਾਕਾਮੀ ਸੀ। ਪੈਨਲ ਨੇ ਇਹ ਵੀ ਕਿਹਾ ਕਿ ਅਡਾਨੀ ਗਰੁੱਪ ਦੀਆਂ ਕੰਪਨੀਆਂ ਵਿਚ ਵਿਦੇਸ਼ੀ ਫੰਡਿੰਗ 'ਤੇ ਸੇਬੀ ਦੀ ਜਾਂਚ ਬੇਨਤੀਜਾ ਰਹੀ ਹੈ। ਸੁਪਰੀਮ ਕੋਰਟ ਨੇ ਦੋ ਮਾਰਚ ਨੂੰ ਮਾਮਲੇ ਦੀ ਜਾਂਚ ਲਈ 6 ਮੈਂਬਰੀ ਮਾਹਰ ਪੈਨਲ ਬਣਾਇਆ ਸੀ ਤੇ ਉਸਨੇ 6 ਮਈ ਨੂੰ ਰਿ

ਸਕੂਲ 'ਚ ਬਾਲ ਭਾਰਤੀ ਸਟੂਡੈਂਟ ਕੌਂਸਲ ਦਾ ਗਠਨ

ਭੀਖੀ (ਧਰਮਵੀਰ ਸ਼ਰਮਾ)-ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਬਾਲ ਭਾਰਤੀ (ਸਟੂਡੈਂਟ ਕੌਂਸਲ) ਦਾ ਗਠਨ ਕੀਤਾ ਗਿਆ। ਵਿੱਦਿਆ ਭਾਰਤੀ ਦੀ ਪ੍ਰੰਪਰਾ ਅਨੁਸਾਰ ਹਰ ਸਾਲ ਵਿੱਦਿਆ ਮੰਦਰਾਂ ਵਿੱਚ ਬਾਲ ਭਾਰਤੀ, ਕੰਨਿਆ ਭਾਰਤੀ (ਮੰਤਰੀ-ਮੰਡਲ) ਦਾ ਨਿਰਮਾਣ ਕੀਤਾ ਜਾਂਦਾ ਹੈ, ਜਿਸ ਦਾ ਮਕਸਦ ਬੱਚਿਆਂ ਨੂੰ ਵੱਖ-ਵੱਖ ਵਿਭਾਗਾਂ ਅਨੁਸਾਰ ਅਹੁਦੇ ਦੇ ਕੇ ਉਨ੍ਹਾਂ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕਰਨੇ, ਵਫ਼ਾਦਾਰੀ ਤੇ ਇਮਾਨਦਾਰੀ ਨਾਲ ਚੱਲਣ ਅਤੇ ਉਨ੍ਹਾਂ ਦੀ ਕੰਮ ਕਰਨ ਦੀ ਯੋਗਤਾ ਦਾ ਵਿਕਾਸ ਕਰਨਾ ਹੈ। ਦੋ ਦਿਨਾਂ ਦੇ ਇਸ ਪ੍ਰੋਗਰਾਮ ਦੌਰਾਨ ਬੱਚਿਆਂ ਨੇ ਮੱਤਦਾਨ ਦੀ ਪ੍ਰਕਿਰਿਆ ਤਹਿਤ ਪ੍ਰਧਾਨ ਮੰਤਰੀ ਦੀ ਚੋਣ ਕੀਤੀ। ਦੂਸਰੇ ਦਿਨ ਦੇ ਸਹੁੰ ਚੁੱਕ ਸਮਾਗਮ ਦੌਰਾਨ ਚੁਣੇ ਹੋਏ ਸਮੂਹ ਵਿਦਿਆਰਥੀਆਂ ਨੇ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਤੇ ਵਾਈਸ ਪ੍ਰਿੰਸੀਪਲ ਹਰਸ਼ ਦੇਵ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਵਚਨ ਦਿੱਤਾ। ਵਰਨਣਯੋਗ ਹੈ ਕਿ ਕੰਨਿਆ ਭਾਰਤੀ ਦੇ ਗਠਨ ਤਹਿਤ ਬਾਰਵੀਂ (ਕਾਮਰਸ) ਜਮਾਤ ਦੀ ਰੁਕਮਣ ਕੌਰ ਨੂੰ ਤੇ ਬਾਲ ਭਾਰਤੀ ਦੇ ਗਠਨ ਤਹਿਤ ਬਾਰਵੀਂ (ਕਾਮਰਸ ਗਰੁੱਪ) ਜਮਾਤ ਦੇ ਹਰਸ਼ ਮਿੱਤਲ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣਿਆ ਗਿਆ। ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਸਾਰੇ ਵਿਦਿਆਰਥੀ ਮੰਤਰੀ ਮੰਡਲ ਨੂੰ ਵਧਾਈ ਦਿੱਤੀ ਤੇ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਨਵੀਂ ਬਣੀ ਵਿਦਿਆਰਥੀ ਪ੍ਰੀਸ਼ਦ ਸਕੂਲ ਨੂੰ ਹੋਰ ਵੀ ਬੁਲੰਦੀਆਂ 'ਤੇ ਲੈ ਕੇ ਜਾਵੇਗੀ।

ਐੱਸ ਪੀ ਵਜੋਂ ਪਦ-ਉੱਨਤ ਹੋਏ ਯੋਗੇਸ਼ ਸ਼ਰਮਾ ਨੂੰ ਵਿਦਾਇਗੀ ਪਾਰਟੀ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਡੀ.ਐੱਸ.ਪੀ. ਧੂਰੀ ਵਜੋਂ ਸੇਵਾਵਾਂ ਨਿਭਾਅ ਰਹੇ ਯੋਗੇਸ਼ ਸ਼ਰਮਾ ਦੇ ਐੱਸ. ਪੀ. ਵਜੋਂ ਪਦ-ਉੱਨਤ ਹੋਣ 'ਤੇ ਪ੍ਰੈੱਸ ਟਰੱਸਟ ਆਫ ਪੰਜਾਬ ਵੱਲੋਂ ਉਨ੍ਹਾਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਟਰੱਸਟ ਦੇ ਆਗੂ ਮਨੋਹਰ ਸਿੰਘ ਸੱਗੂ ਤੇ ਐਡਵੋਕੇਟ ਰਾਜੇਸ਼ਵਰ ਚੌਧਰੀ, ਮਨੋਹਰ ਸਿੰਘ ਸੱਗੂ ਨੇ ਕਿਹਾ ਕਿ ਯੋਗੇਸ਼ ਸ਼ਰਮਾ ਵੱਲੋਂ ਧੂਰੀ ਵਿਖੇ ਬਤੌਰ ਡੀ.ਐੱਸ.ਪੀ. ਬਿਨਾਂ ਕਿਸੇ ਸੁਆਰਥ ਤੇ ਭੇਦਭਾਵ ਤੋਂ ਆਪਣੀ ਡਿਊਟੀ ਸ਼ਾਨਦਾਰ ਢੰਗ ਨਾਲ ਨਿਭਾਈ ਗਈ ਹੈ, ਜਿਸ ਦੇ ਲਈ ਉਹ ਸ਼ਲਾਘਾ ਦੇ ਪਾਤਰ ਹਨ। ਇਸ ਮੌਕੇ ਟਰੱਸਟ ਦੇ ਆਗੂ ਹਰਦੀਪ ਸੋਢੀ ਨੇ ਵੀ ਯੋਗੇਸ਼ ਸ਼ਰਮਾ ਦੀ ਐੱਸ.ਪੀ. ਵਜੋਂ ਹੋਣ ਜਾ ਰਹੀ ਨਿਯੁਕਤੀ ਦੇ ਲਈ ਮੁਬਾਰਕਬਾਦ ਦਿੰਦਿਆਂ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਉਹ ਇਸੇ ਤਰ੍ਹਾਂ ਨਿਰਸੁਆਰਥ ਭਾਵ ਤੇ ਇਮਾਨਦਾਰੀ ਦੇ ਨਾਲ ਆਪਣੀਆਂ ਸੇਵਾਵਾਂ ਲੋਕਾਂ ਨੂੰ ਦਿੰਦੇ ਰਹਿਣਗੇ। ਇਸ ਮੌਕੇ ਯੋਗੇਸ਼ ਸ਼ਰਮਾ ਨੇ ਸਮੂਹ ਪ੍ਰੈੱਸ ਦਾ ਉਨ੍ਹਾਂ ਨੂੰ ਦਿੱਤੇ ਗਏ ਸਹਿਯੋਗ ਤੇ ਮਾਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਧੂਰੀ ਵਿਖੇ ਬਤੌਰ ਡੀ.ਐੱਸ.ਪੀ. ਕੰਮ ਕਰਕੇ ਕਾਫੀ ਸੰਤੁਸ਼ਟ ਹਨ ਤੇ ਇੱਥੇ ਦੇ ਲੋਕਾਂ ਅਤੇ ਪ੍ਰੈੱਸ ਦਾ ਉਨ੍ਹਾਂ ਨੂੰ ਪੂਰਾ ਸਹਿਯੋਗ ਮਿਲਿਆ ਹੈ। ਉਨ੍ਹਾਂ ਭਵਿੱਖ 'ਚ ਵੀ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਵਾਇਆ। ਇਸ ਮੌਕੇ ਟਰੱਸਟ ਵੱਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ।

ਕਿਸਾਨਾਂ ਦਾ ਉਜਾੜਾ ਕਰਕੇ ਹਾਸਲ ਕੀਤੀ ਜ਼ਮੀਨ 'ਚ ਸੋਲਰ ਪਲਾਂਟ ਨਹੀਂ ਲੱਗਣ ਦਿੱਤਾ ਜਾਵੇਗਾ : ਭਾਕਿਯੂ

ਮਾਨਸਾ (ਆਤਮਾ ਸਿੰਘ ਪਮਾਰ)-ਸੂਬਾ ਸਰਕਾਰ ਵੱਲੋਂ ਮਾਨਸਾ ਜ਼ਿਲ੍ਹੇ ਦੇ ਪੰਜ ਪਿੰਡਾਂ ਦੀ ਥਰਮਲ ਬਣਾਉਣ ਲਈ ਐਕਵਾਇਰ ਕੀਤੀ ਜ਼ਮੀਨ ਵਿੱਚ ਸੋਲਰ ਪਲਾਂਟ ਲਾਉਣ ਦੇ ਦਿੱਤੇ ਬਿਆਨ ਉੱਤੇ ਸਥਾਨਕ ਪਿੰਡਾਂ ਵੱਲੋਂ ਭਾਕਿਯੂ (ਏਕਤਾ) ਸਿੱਧੂਪੁਰ ਦੀ ਅਗਵਾਈ ਵਿੱਚ ਭਾਰੀ ਰੋਸ ਜਤਾਇਆ ਗਿਆ। ਗੌਰਤਲਬ ਹੈ ਕਿ ਸੰਨ 2010 ਵਿੱਚ ਬਾਦਲ ਸਰਕਾਰ ਨੇ ਗੋਬਿੰਦਪੁਰਾ, ਸਿਰਸੀਵਾਲਾ, ਜਲਵੇੜਾ, ਬਰੇਟਾ ਤੇ ਦਿਆਲਪੁਰਾ ਦੀ ਜ਼ਮੀਨ ਇੱਕ ਨਿੱਜੀ ਕੰਪਨੀ ਪਿਊਨਾ ਪਾਵਰ ਨੂੰ ਥਰਮਲ ਪਲਾਂਟ ਲਾਉਣ ਲਈ ਐਕਵਾਇਰ ਕਰਕੇ ਦਿੱਤੀ ਸੀ ਤੇ ਨਾਲ ਹੀ ਪ੍ਰਭਾਵਿਤ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਵੀ ਕੀਤਾ ਸੀ, ਪਰ ਅੱਜ ਤੱਕ ਇਹ ਜ਼ਮੀਨ ਖਾਲੀ ਪਈ ਹੈ ਅਤੇ ਨਾ ਹੀ ਕੋਈ ਥਰਮਲ ਪਲਾਂਟ ਲੱਗਿਆ ਅਤੇ ਨਾ ਹੀ ਲੋਕਾਂ ਨੂੰ ਰੁਜ਼ਗਾਰ ਦਿੱਤਾ ਗਿਆ। ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਵੱਲੋਂ ਇਸ ਬਿਆਨ 'ਤੇ ਰੋਸ ਜਤਾਉਂਦੇ ਹੋਏ ਇਸ ਸੋਲਰ ਪਲਾਂਟ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਨਾਲ ਕੀਤੀ ਵਾਅਦਾ ਖਿਲਾਫੀ ਬਰਦਾਸ਼ਤ ਨਹੀਂ ਕੀਤੀ ਜਵੇਗੀ। ਜੇਕਰ ਸਰਕਾਰ ਆਪਣੇ ਦਿੱਤੇ ਬਿਆਨ ਉੱਤੇ ਬਜ਼ਿੱਦ ਰਹੀ ਤਾਂ ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢਿਆ ਜਾਵੇਗਾ। ਅੱਜ ਗੋਬਿੰਦਪੁਰਾ ਵਿੱਚ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਵਿੱਚ ਤਰਸੇਮ ਸਿੰਘ, ਸੋਹਨ ਸਿੰਘ ਤੇ ਪਿੰਡ ਵਾਸੀ ਮੌਜੂਦ ਸਨ।

ਮਨਜੀਤ ਸਿੰਘ ਡਿਸਟ੍ਰਿਕ ਬੈਸਟ ਰੀਜਨ ਚੇਅਰਮੈਨ ਐਵਾਰਡ ਨਾਲ ਸਨਮਾਨਤ

ਕੋਟਕਪੂਰਾ (ਰਛਪਾਲ ਭੁੱਲਰ)-ਐੱਮ. ਡੀ.-321 ਦੇ 50ਵੇਂ ਗੋਲਡਨ ਜੁਬਲੀ ਸਮਾਰੋਹ ਸ਼ਿਵੇਏ-23 ਮਲਟੀਪਲ ਕੌਂਸਲ ਕਨਵੈਨਸ਼ਨ ਲਾਇਨ ਨਿਕੇਸ਼ ਗਰਗ ਮਲਟੀਪਲ ਕੌਂਸਲ ਚੇਅਰਮੈਨ ਦੀ ਪ੍ਰਧਾਨਗ ਹੇਠ-ਬਿਜ਼ਨੈੱਸ ਹੋਟਲ ਪੈਂਟਾਗਾਓ ਹਰਦੁਆਰ ਵਿੱਚ ਹੋਈ, ਜਿਸ ਦੇ ਮੁੱਖ ਮਹਿਮਾਨ ਡਾ. ਨਰੇਸ਼ ਅਗਰਵਾਲ ਪਾਸਟ ਇੰਟਰਨੈਸ਼ਨਲ ਪ੍ਰਧਾਨ ਸਨ। ਲਲਿਤ ਬਹਿਲ ਜ਼ਿਲ੍ਹਾ ਗਵਰਨਰ-321 ਐੱਫ ਵੱਲੋਂ ਜ਼ਿਲ੍ਹੇ ਵਿੱਚ ਵਧੀਆ ਸੇਵਾਵਾਂ ਨਿਭਾਉਣ ਲਈ ਮਨਜੀਤ ਸਿੰਘ ਲਵਲੀ ਰੀਜਨ ਚੇਅਰਮੈਨ ਰੀਜਨ-10 ਨੂੰ ਡਿਸਟ੍ਰਿਕ ਦਾ ਬੈਸਟ ਰੀਜਨ ਚੇਅਰਮੈਨ ਦਾ ਐਵਾਰਡ ਦੇਣ ਲਈ ਮਲਟੀਪਲ ਚੇਅਰਮੈਨ ਨੂੰ ਸਿਫਾਰਸ਼ ਕੀਤੀ, ਜਿਸ ਦੇ ਚੱਲਦਿਆਂ ਅੱਜ ਦੀ ਕਨਵੈਨਸ਼ਨ ਵਿੱਚ ਚੇਅਰਮੈਨ ਵੱਲੋਂ ਮਨਜੀਤ ਸਿੰਘ ਲਵਲੀ ਦਾ ਲਾਇਨ ਲੀਡਰਾਂ ਦੀ ਹਾਜ਼ਰੀ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਕਲੱਬ ਦੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਤੇ ਪੀ.ਆਰ.ਓ. ਇੰਜ. ਅਸ਼ੋਕ ਸੇਠੀ ਮੁਤਾਬਿਕ ਉਕਤ ਐਵਾਰਡ ਮਿਲਣ 'ਤੇ ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਦਾ ਮਾਣ ਵਧਿਆ ਹੈ। ਸਮੂਹ ਕਲੱਬ ਮੈਂਬਰਾਂ ਨੇ ਜਿੱਥੇ ਮਨਜੀਤ ਸਿੰਘ ਲਵਲੀ ਨੂੰ ਵਧਾਈ ਦਿੱਤੀ, ਉੱਥੇ ਜ਼ਿਲ੍ਹਾ ਗਵਰਨਰ ਲਲਿਤ ਬਹਿਲ ਦਾ ਵੀ ਧੰਨਵਾਦ ਕੀਤਾ, ਜਿਸ ਨੇ ਕਲੱਬ ਦਾ ਡਿਸਟ੍ਰਿਕ 'ਚ ਮਾਣ ਵਧਾਇਆ ਹੈ।

ਡਾ. ਮੁਹੰਮਦ ਸਲੀਮ ਖਿਲਜੀ ਨੇ ਕੈਪਟਨ ਅਜੇ ਯਾਦਵ ਨੂੰ ਜੀ ਆਇਆਂ ਕਿਹਾ

ਜੈਤੋ (ਸਤੀਸ਼ ਕੁਮਾਰ ਭੀਰੀ)-ਕਾਂਗਰਸ ਓ ਬੀ ਸੀ ਵਿੰਗ ਜ਼ਿਲ੍ਹਾ ਫ਼ਰੀਦਕੋਟ ਦੇ ਚੇਅਰਮੈਨ ਡਾਕਟਰ ਮੁਹੰਮਦ ਸਲੀਮ ਖਿਲਜੀ ਵੱਲੋਂ ਓ ਬੀ ਸੀ ਵਿੰਗ ਕਾਂਗਰਸ ਦੇ ਰਾਸਟਰੀ ਚੇਅਰਮੈਨ ਅਜੇ ਯਾਦਵ ਨੂੰ ਪੰਜਾਬ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਪਹੁੰਚਣ ਤੇ ਜੀ ਆਇਆਂ ਕਿਹਾ ਗਿਆ। ਡਾਕਟਰ ਖਿਲਜੀ ਨੇ ਕਿਹਾ ਕਿ ਪੰਜਾਬ ਕਾਂਗਰਸ ਭਵਨ ਵਿਖੇ ਰੱਖੀ ਗਈ ਮੀਟਿੰਗ ਵਿੱਚ ਆਉਣ ਵਾਲੀ 30 ਤਰੀਕ ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਓ ਬੀ ਸੀ ਮਹਾਂ ਸੰਮੇਲਣ ਨੂੰ ਕਾਮਯਾਬ ਬਣਾਉਣ ਲਈ ਚਰਚਾ ਕੀਤੀ ਗਈ । ਡਾਕਟਰ ਸਲੀਮ ਨੇ ਅੱਗੇ ਕਿਹਾ ਕਿ ਇਸ ਮੀਟਿੰਗ ਵਿੱਚ ਰਾਜ ਬਖਸ਼ ਕੰਬੋਜ ਚੇਅਰਮੈਨ ਓਬੀਸੀ ਵਿੰਗ ਪੰਜਾਬ ਦੀ ਯੋਗ ਅਗਵਾਈ ਹੇਠ ਇਕੱਠੇ ਹੋਏ ਓਬੀਸੀ ਦੇ ਸਾਰੇ ਸਾਥੀਆ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ . ਇਸ ਮੌਕੇ ਡਾਕਟਰ ਸਲੀਮ ਖਿਲਜੀ ਵੱਲੋਂ ਓ ਬੀ ਸੀ ਵਿੰਗ ਦੇ ਰਾਸਟਰੀ ਇੰਚਾਰਜ ਕੈਪਟਨ ਅਜੇ ਯਾਦਵ ਨੂੰ ਵਿਸਵਾਸ ਦਿਵਾਇਆ ਕਿ ਉਨ੍ਹਾਂ ਵੱਲੋਂ ਭਾਰੀ ਗਿਣਤੀ ਵਰਕਰਾਂ ਨਾਲ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਖੇ ਸ਼ਿ?ਰਕਤ ਕੀਤੀ ਜਾਵੇਗੀ।

ਬਰੌਂਡਵੇ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਵੱਲੋਂ ਕਾਊਂਸਲ ਦਾ ਗਠਨ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਬਰੌਂਡਵੇ ਪਬਲਿਕ ਸਕੂਲ ਵਿਦਿਆਰਥੀਆਂ ਵੱਲੋਂ ਕਾਊਂਸਲ ਦਾ ਗਠਨ ਕਰਕੇ ਵਿਦਿਆਰਥੀ ਨੂੰ ਅਹੁਦਿਆਂ ਦੀ ਵੰਡ ਕੀਤੀ ਗਈ। ਇਸ ਸਮੇਂ ਪਹਿਲਾਂ ਹੈੱਡ ਲੜਕਾ ਤੇ ਪਹਿਲੀ ਹੈੱਡ ਲੜਕੀ ਦੀ ਘੋਸ਼ਣਾ ਕਰਦੇ ਹੋਏ ਚੇਤਨਜੀਤ ਸਿੰਘ ਤੇ ਅਰਸ਼ਪ੍ਰੀਤ ਕੌਰ ਨੂੰ ਚੁਣਿਆ ਗਿਆ। ਇਸ ਮੌਕੇ ਉਪ ਹੈੱਡ ਲੜਕਾ ਪਰਮਿੰਦਰ ਸਿੰਘ ਤੇ ਉਪ ਹੈਡ-ਲੜਕੀ ਏਕਮਜੋਤ ਕੌਰ ਨੂੰ ਚੁਣਿਆ ਗਿਆ। ਇਸ ਮੌਕੇ ਅਗਲੇਰੀ ਪ੍ਰਕਿਰਿਆ ਦੌਰਾਨ ਖੇਡ ਕੈਪਟਨਾਂ ਵਿੱਚ ਕ੍ਰਮਵਾਰ ਸੁਰਿੰਦਰਪ੍ਰੀਤ ਸਿੰਘ, ਪ੍ਰਭਲੀਨ ਕੌਰ, ਸਾਹਿਲਪ੍ਰੀਤ ਕੌਰ, ਗਗਨਦੀਪ ਸਿੰਘ ਨੂੰ ਚੁਣਿਆ ਗਿਆ। ਚਾਰੇ ਸਦਨਾਂ ਦੇ ਕੈਪਟਨਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਵਿਦਿਆਰਥਣ ਸਿਮਰਨਪ੍ਰੀਤ ਕੌਰ (ਪੀਲਾ ਸਦਨ), ਦਮਨਪ੍ਰੀਤ ਕੌਰ (ਲਾਲ ਸਦਨ), ਜਸਪ੍ਰੀਤ ਕੌਰ (ਹਰਾ ਸਦਨ) ਅਤੇ ਪੰਕਜ ਰਾਏ (ਨੀਲਾ ਸਦਨ) ਦੇ ਕੈਪਟਨਾਂ ਵਜੋਂ ਚੁਣਿਆ ਗਿਆ। ਇਸ ਮੌਕੇ ਸਾਰੇ ਵਿਦਿਆਰਥੀਆਂ ਨੂੰ ਸਹੁੰ ਚੁਕਾਈ ਗਈ ਤੇ ਆਪਣੀਆਂ ਪ੍ਰਾਪਤ ਜ਼ਿੰਮੇਵਾਰੀਆਂ ਨੂੰ ਸਹੀ ਢੰਗ ਨਾਲ ਨਿਭਾਉਣ ਲਈ ਪ੍ਰੇਰਤ ਕੀਤਾ। ਸੰਸਥਾ ਦੇ ਸਮੂਹ ਸਟਾਫ਼ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ।

ਫੋਟੋਗ੍ਰਾਫ਼ਿਕ ਵਰਕਸ਼ਾਪ ਦੇ ਸਿਖਿਆਰਥੀ ਨੇ ਤੀਜੇ ਦਿਨ ਫੀਲਡ 'ਚ ਜਾ ਕੇ ਲੋਕ-ਜੀਵਨ ਨੂੰ ਫ਼ਿਲਮਾਇਆ

ਜਲੰਧਰ (ਨਵਾਂ ਜ਼ਮਾਨਾ ਸਰਵਿਸ)

ਦੇਸ਼ ਭਗਤ ਯਾਦਗਾਰ ਹਾਲ 'ਚ ਲੱਗੀ ਫੋਟੋਗ੍ਰਾਫ਼ਿਕ ਵਰਕਸ਼ਾਪ ਪੜਾਅ-ਦਰ-ਪੜਾਅ ਅੱਗੇ ਵਧਦੀ ਹੋਈ ਅੱਜ ਤੀਜੇ ਦਿਨ ਸਿਖਿਆਰਥੀਆਂ ਨੂੰ ਕੈਮਰੇ ਲੈ ਕੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਲੋਕਾਂ ਦੇ ਜੀਵਨ ਦੇ ਅਣਗੌਲੇ ਅਤੇ ਅਣਛੋਹੇ ਪੱਖਾਂ ਨੂੰ ਰੌਸ਼ਨੀ 'ਚ ਲਿਆਉਣ ਦੇ ਕਾਰਜ਼ ਵੱਲ ਕਦਮ-ਵਧਾਰਾ ਕਰਨ 'ਚ ਸਫ਼ਲ ਰਹੀ। ਦੇਸ਼ ਭਰ 'ਚ ਖੇਡਾਂ ਦਾ ਸਾਮਾਨ ਬਣਾਉਣ ਵਾਲੇ ਸ਼ਹਿਰ ਵਜੋਂ ਜਾਣੇ ਜਾਂਦੇ ਜਲੰਧਰ ਦੀਆਂ ਗਰੀਬ ਬਸਤੀਆਂ ਦੇ ਘੁੱਪ ਹਨੇਰੇ ਭਰੇ ਘਰਾਂ ਅੰਦਰ ਦਿਨ ਭਰ ਫੁੱਟਬਾਲਾਂ ਬਣਾ ਕੇ ਮੁਸ਼ਕਲ ਨਾਲ ਹੀ ਪੇਟ ਦੀ ਅੱਗ ਬੁਝਾਉਣ ਜੋਗੀ ਕਮਾਈ ਕਰਨ ਲਈ ਜੂਝਦੀਆਂ ਔਰਤਾਂ ਦੀ ਕਾਲਜੇ ਰੁੱਗ ਭਰਦੀ ਦਾਸਤਾਂ ਨੂੰ ਸਿਖਿਆਰਥੀਆਂ ਨੇ ਕੈਮਰੇ 'ਚ ਕੈਦ ਕਰਕੇ ਲਿਆਂਦਾ। ਲਤੀਫ਼ਪੁਰਾ ਖੇਤਰ 'ਚ ਜਾ ਕੇ ਉੱਜੜੇ ਘਰਾਂ ਦੀ ਦਾਸਤਾਂ ਨੂੰ ਜ਼ਿਮਨੀ ਚੋਣਾਂ ਦੇ ਸ਼ੋਰ ਸ਼ਰਾਬੇ ਵਿੱਚ ਅਣਗੌਲੀ ਕਰਨ ਅਤੇ ਅੱਜ-ਕੱਲ੍ਹ ਤਿੱਖੜ ਦੁਪਹਿਰਾਂ ਵਿੱਚ ਤਪਦੇ ਭੱਠ ਵਿੱਚ ਵੀ ਜ਼ਿੰਦਗੀ ਦੀਆਂ ਮੁਸ਼ਕਲ ਘੜੀਆਂ ਭੋਗ ਰਹੇ ਪਰਿਵਾਰਾਂ ਨੂੰ ਫ਼ਿਲਮਾਇਆ। ਪ੍ਰਵਾਸੀ ਕਾਮਿਆਂ ਦੀ ਪੰਜਾਬ ਆਮਦ, ਗਰੀਬੀ ਝੰਬੇ ਪ੍ਰਵਾਸੀਆਂ ਦੇ ਦੁੱਖੜੇ, ਉਹਨਾਂ ਪ੍ਰਤੀ ਫੈਲਾਈ ਜਾ ਰਹੀ ਨਫ਼ਰਤ ਆਦਿ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝਣ ਲਈ ਸਿਖਿਆਰਥੀ ਟੀਮਾਂ ਨੇ ਰੇਲਵੇ ਸਟੇਸ਼ਨ ਜਲੰਧਰ ਨੂੰ ਕੇਂਦਰ ਵਜੋਂ ਚੁਣਕੇ ਪ੍ਰਵਾਸੀ ਕਾਮਿਆਂ ਨਾਲ ਮੁਲਾਕਾਤਾਂ

ਕੀਤੀਆਂ, ਜੋ ਪ੍ਰਵਾਸੀਆਂ ਪ੍ਰਤੀ ਰਵਾਇਤੀ ਅਤੇ ਜ਼ਹਿਰੀ ਪ੍ਰਚਾਰ ਦੀ ਧੁੰਦ ਨੂੰ ਵਗਾਹ ਮਾਰਦੀਆਂ ਹਨ। ਨਿਵੇਕਲਾ ਤਜ਼ਰਬਾ ਕਰਦਿਆਂ ਵਰਕਸ਼ਾਪ ਦੇ ਅਧਿਆਪਕਾਂ ਨੇ ਸਿਖਿਆਰਥੀਆਂ ਰਾਹੀਂ ਹੀ ਦੇਸ਼ ਭਗਤ ਯਾਦਗਾਰ ਹਾਲ ਅੰਦਰ ਸੇਵਾਵਾਂ ਦੇ ਰਹੇ ਕਾਮਿਆਂ ਦੇ ਪਰਿਵਾਰਾਂ, ਬੱਚਿਆਂ ਦਾ ਫਿਲਮਾਂਕਣ ਕੀਤਾ। ਲਾਇਬ੍ਰੇਰੀ, ਮਿਊਜ਼ੀਅਮ, ਇਤਿਹਾਸ, ਸਾਹਿਤਕ/ਸਭਿਆਚਾਰਕ ਸਰਗਰਮੀਆਂ, ਗ਼ਦਰ ਪਾਰਟੀ ਅਤੇ ਦੇਸ਼ ਭਗਤ ਯਾਦਗਾਰ ਹਾਲ ਦੀ ਇਤਿਹਾਸਕਤਾ ਬਾਰੇ ਵੀ ਤੱਥ ਇਕੱਠੇ ਕਰਕੇ ਅਤੇ ਮੁਲਾਕਾਤਾਂ ਕਰਕੇ ਚੰਦ ਮਿੰਟਾਂ ਦੀ ਦਸਤਾਵੇਜ਼ ਫ਼ਿਲਮ ਅੱਜ ਹੀ ਤਿਆਰ ਕਰਕੇ ਪਰਦੇ 'ਤੇ ਪੇਸ਼ ਕਰਨ ਦਾ ਅਭਿਆਸ ਕਰਵਾਇਆ। ਸੁਧਾਰਕ ਓਲਵੇ, ਰਣਦੀਪ ਮੱਦੋਕੇ, ਨਿਰਵਾਣ ਮੁੰਬਈ ਅਤੇ ਮੋਹਿਲ ਸ਼ਰਮਾ ਸ਼ਿਮਲਾ ਦੀ ਅਣਥੱਕ ਮਿਹਨਤ ਕਰਨ ਵਾਲੀ ਟੀਮ ਨੇ ਸਿਖਿਆਰਥੀਆਂ ਨੂੰ ਸਟਿਲ, ਮੂਵੀ ਕੈਮਰਾ, ਆਡੀਓ ਅਤੇ ਰੌਸ਼ਨੀ ਆਦਿ ਦੀ ਫੋਟੋ ਅਤੇ ਮੂਵੀ ਕਲਾ 'ਚ ਵਰਤੋਂ ਸਿਖਾਈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਦੇਖ ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ ਅਤੇ ਡਾ. ਸੈ

20-April-PAGE-3.qxd 5/19/2023 9:51 PM Page 1

ਮੁੱਖ ਮੰਤਰੀ ਵੱਲੋਂ ਧਾਰ ਕਲਾਂ ਬਲਾਕ ਨੂੰ ਪ੍ਰਮੁੱਖ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦਾ ਐਲਾਨ

ਧਾਰ ਕਲਾਂ (ਪਠਾਨਕੋਟ), :(ਦਵਿੰਦਰ ਸਿੰਘ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਵੱਲੋਂ ਰਣਜੀਤ ਸਾਗਰ ਡੈਮ ਦੇ ਆਲੇ-ਦੁਆਲੇ ਦੇ ਖੇਤਰ ਖਾਸ ਕਰਕੇ ਧਾਰ ਕਲਾਂ ਬਲਾਕ ਨੂੰ ਪ੍ਰਮੁੱਖ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਲਈ ਠੋਸ ਤੇ ਸੁਹਿਰਦ ਯਤਨ ਕੀਤੇ ਜਾਣਗੇ। ਮੁੱਖ ਮੰਤਰੀ ਜੋ ਵੀਰਵਾਰ ਨੂੰ ਇਸ ਖੇਤਰ ਦੇ ਦੌਰੇ 'ਤੇ ਸਨ, ਨੇ ਕਿਹਾ ਕਿ ਇਸ ਖੇਤਰ ਨੂੰ ਵੱਡੇ ਪੱਧਰ ਦੀ ਰਮਣੀਕ ਸੈਰਗਾਹ ਵਜੋਂ ਵਿਕਸਤ ਕਰਨ ਦੀ ਵੱਡੀ ਸੰਭਾਵਨਾ ਹੈ, ਜਿਸ ਲਈ ਠੋਸ ਉਪਰਾਲੇ ਕੀਤੇ ਜਾਣਗੇ। ਉਨਾਂ ਅਫਸੋਸ ਪ੍ਰਗਟਾਉਂਦਿਆਂ ਕਿਹਾ ਕਿ ਪਿਛਲੀਆਂ ਸੂਬਾ ਸਰਕਾਰਾਂ ਦੀਆਂ ਅਣਗਹਿਲੀਆਂ ਕਰਕੇ ਇਹ ਖੇਤਰ ਵਿਕਾਸ ਪੱਖੋਂ ਪਛੜਿਆ ਰਹਿ ਗਿਆ। ਉਨ੍ਹਾਂ ਕਿਹਾ ਕਿ ਖੇਤਰ ਵਿੱਚ ਸੈਰ-ਸਪਾਟੇ ਦੀਆਂ ਬੇਸ਼ੁਮਾਰ ਸੰਭਾਵਨਾਵਾਂ ਮੌਜੂਦ ਹਨ ਅਤੇ ਕੁਦਰਤੀ ਸੁੰਦਰਤਾ ਵਾਲੀ ਇਸ ਰਮਣੀਕ ਧਰਤੀ ਨੂੰ ਹੁਣ ਸੈਲਾਨੀਆਂ ਲਈ ਖਿੱਚ ਦੇ ਕੇਂਦਰ ਵਜੋਂ ਵਰਤਿਆ ਜਾਵੇਗਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਮੁੱਚੇ ਖੇਤਰ ਦੇ ਵਿਕਾਸ ਲਈ ਵਿਸਥਾਰਤ ਖਾਕਾ ਤਿਆਰ ਕਰਨ ਲਈ ਕਿਹਾ ਤਾਂ ਜੋ ਸੂਬੇ ਵਿੱਚ ਸੈਰ-ਸਪਾਟਾ ਖੇਤਰ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਇਲਾਕਾ ਕੁਦਰਤੀ ਸੋਮਿਆਂ ਨਾਲ ਭਰਪੂਰ ਹੈ ਜੋ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਵਾਟਰ ਸਪੋਰਟਸ ਨੂੰ ਉਤਸ਼ਾਹਿਤ ਕਰਨ ਲਈ 'ਵਾਟਰ ਐਡਵੈਂਚਰ ਟੂਰਿਜ਼ਮ ਨੀਤੀ' ਨੂੰ ਪਹਿਲਾਂ ਹੀ ਹਰੀ ਝੰਡੀ ਦੇ ਦਿੱਤੀ ਹੈ ਜਿਸ ਨੂੰ ਇੱਥੇ ਵੀ ਲਾਗੂ ਕੀਤਾ ਜਾਵੇਗਾ। ਭਗਵੰਤ ਮਾਨ ਨੇ ਆਸ ਪ੍ਰਗਟਾਈ ਕਿ ਉਹ ਦਿਨ ਦੂਰ ਨਹੀਂ ਜਦੋਂ ਬੁਨਿਆਦੀ ਢਾਂਚੇ ਨੂੰ ਉੱਨਤ ਕਰਨ ਤੋਂ ਬਾਅਦ ਇਹ ਖੇਤਰ ਦੇਸ਼ ਭਰ ਦੇ ਸੈਲਾਨੀਆਂ ਦਾ ਕੇਂਦਰ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਖੇਤਰ ਪੰਜਾਬ ਨੂੰ ਅੰਤਰਰਾਸ਼ਟਰੀ ਸੈਰ ਸਪਾਟੇ ਦੇ ਨਕਸ਼ੇ 'ਤੇ ਹੋਰ ਉਭਾਰਨ ਲਈ ਅਹਿਮ ਭੂਮਿਕਾ ਨਿਭਾ ਸਕਦਾ ਹੈ। ਇਸ ਤੋਂ ਪਹਿਲੋਂ ਮੁੱਖ ਮੰਤਰੀ ਨੇ ਰਣਜੀਤ ਸਾਗਰ ਡੈਮ ਦਾ ਵੀ ਦੌਰਾ ਕੀਤਾ ਅਤੇ ਡੈਮ ਦੀ ਉਸਾਰੀ ਦੌਰਾਨ ਜਾਨਾਂ ਗਵਾਉਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨਾਂ ਸ਼ਾਹਪੁਰ ਕੰਢੀ ਬੈਰੇਜ ਪ੍ਰਾਜੈਕਟ ਵਾਲੀ ਥਾਂ ਦਾ ਨਿਰੀਖਣ ਵੀ ਕੀਤਾ ਅਤੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ।

ਖ਼ਾਲਸਾ ਕਾਲਜ 'ਤੇ ਬਣੀ ਡਾਕੂਮੈਂਟਰੀ ਰਿਲੀਜ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਖਾਲਸਾ ਕਾਲਜ ਕੈਂਪਸ ਵਿਖੇ ਅੱਜ ਇਕ ਦਸਤਾਵੇਜ਼ੀ ਫ਼ਿਲਮ 'ਏ ਯੂਨੀਕ ਸਟਾਈਲ ਆਫ ਇੰਡੋ-ਸਰਸੇਨਿਕ ਬਿਲਡਿੰਗ-ਖਾਲਸਾ ਕਾਲਜ ਅੰਮ੍ਰਿਤਸਰ' ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਇਹ ਫ਼ਿਲਮ ਪ੍ਰਸਿੱਧ ਹੈਰੀਟੇਜ ਪ੍ਰਮੋਟਰ ਅਤੇ ਕੁਦਰਤੀ ਪ੍ਰੇਮੀ ਹਰਪ੍ਰੀਤ ਸੰਧੂ ਦੁਆਰਾ ਨਿਰਮਿਤ ਅਤੇ ਨਿਰਦੇਸ਼ਿਤ ਕੀਤੀ ਗਈ ਹੈ, ਜਿਸ ਦਾ ਉਦੇਸ਼ ਬ੍ਰਿਟਿਸ਼ ਕਾਲ ਦੌਰਾਨ ਸੰਨ 1892 'ਚ ਸਥਾਪਤ ਵਿਰਾਸਤੀ ਖ਼ਾਲਸਾ ਕਾਲਜ ਇਮਾਰਤ ਅਜੂਬੇ ਨੂੰ ਉਜਾਗਰ ਕਰਨਾ ਹੈ। ਅੰਤਰਰਾਸ਼ਟਰੀ ਅਜਾਇਬ ਘਰ ਦਿਵਸ ਮੌਕੇ ਰਿਲੀਜ਼ ਕੀਤੀ ਗਈ ਇਸ ਫ਼ਿਲਮ ਦਾ ਪ੍ਰੀਮੀਅਰ ਉੱਘੀਆਂ ਸ਼ਖਸੀਅਤਾਂ ਦੀ ਮੌਜੂਦਗੀ 'ਚ ਹੋਇਆ। ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਇਹ ਦਸਤਾਵੇਜ਼ੀ ਫਿਲਮ ਇਤਿਹਾਸਕ ਇਮਾਰਤਸਾਜ਼ੀ ਦੀ ਸੰਖੇਪ ਰੂਪ 'ਚ ਜਾਣ-ਪਛਾਣ ਹੈ, ਜੋ ਵਿਸ਼ਵ ਭਰ 'ਚ ਆਪਣੀ ਵਿਲੱਖਣ ਸ਼ੈਲੀ ਲਈ ਜਾਣੀ ਜਾਂਦੀ ਹੈ। ਇਸ ਮੌਕੇ ਇਨਕਮ ਟੈਕਸ ਆਈ.ਆਰ.ਐਸ. ਕਮਿਸ਼ਨਰ ਗਰੀਸ਼ ਬਾਲੀ, ਨਗਰ ਨਿਗਮ ਆਈ. ਏ. ਐਸ. ਕਮਿਸ਼ਨਰ ਸੰਦੀਪ ਰਿਸ਼ੀ, ਵਧੀਕ ਕਮਿਸ਼ਨਰ ਕਸਟਮ ਆਈ.ਆਰ.ਐਸ. ਜੋਗਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਆਈ. ਏ. ਐਸ. ਸੁਰਿੰਦਰ ਸਿੰਘ, ਕਸਟਮ ਜਾਇੰਟ ਕਮਿਸ਼ਨਰ ਆਈ. ਆਰ. ਐਸ. ਨਵਨੀਤ ਕੌਸ਼ਲ, ਕਸਟਮ ਡਿਪਟੀ ਕਮਿਸ਼ਨਰ, ਆਈ.ਆਰ.ਐਸ. ਅਤੁਲ ਟਿਰਕੀ ਅਤੇ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਹਾਜ਼ਰ ਸਨ। ਸਮਾਰੋਹ ਦੌਰਾਨ ਵਿਰਾਸਤੀ ਇਮਾਰਤ ਨੂੰ ਦਰਸਾਉਂਦਾ ਇਕ ਚਿੱਤਰਕਾਰੀ ਕਿਤਾਬਚਾ ਵੀ ਜਾਰੀ ਕੀਤਾ ਗਿਆ। ਇਸ ਮੌਕੇ ਛੀਨਾ ਨੇ ਕਿਹਾ ਕਿ ਉਕਤ ਕਰੀਬ 6 ਮਿੰਟ ਦੀ ਫ਼ਿਲਮ ਕਾਲਜ ਦੀ ਇਮਾਰਤ ਦੀ ਸ਼ਾਨਦਾਰ ਝਲਕ ਨੂੰ ਦਰਸਾਉਂਦੀ ਹੈ। ਆਰਟਿਸਟ ਹਰਪ੍ਰੀਤ ਸੰਧੂ ਦੀ ਇਸ ਜਾਣਕਾਰੀ ਭਰਪੂਰ ਡਾਕੂਮੈਂਟਰੀ ਦੇ ਨਾਲ ਆਉਣ ਦੇ ਯਤਨਾਂ ਦੀ ਵੀ ਪ੍ਰਸੰਸਾ ਕੀਤੀ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਹਰਪ੍ਰੀਤ ਸੰਧੂ ਨੂੰ ਇਸ ਸ਼ਾਨਦਾਰ ਫ਼ਿਲਮ ਦੇ ਨਿਰਦੇਸ਼ਨ ਲਈ ਸਮਰਪਿਤ ਯਤਨਾਂ ਦੀ ਪ੍ਰਸੰਸਾ ਕੀਤੀ, ਜੋ ਕਿ ਹੈਰੀਟੇਜ ਮਾਰਵਲ-ਖਾਲਸਾ ਦੇ ਤਿੰਨ-ਅਯਾਮੀ ਝਲਕ ਨੂੰ ਦਰਸਾਉਂਦੀ ਹੈ। ਕਾਲਜ ਜੋ ਕਿ ਪੰਜਾਬ ਦੇ ਸਭ ਤੋਂ ਪੁਰਾਣੇ ਵਿੱਦਿਅਕ ਅਦਾਰਿਆਂ 'ਚੋਂ ਇਕ ਹੈ, ਬਾਰੇ ਇਹ ਫਿਲਮ ਸਮਾਜ ਲਈ ਇੱਕ ਸੁਚੱਜਾ ਸੁਨੇਹਾ ਦਿੰਦੀ ਹੈ ਕਿ ਇਤਿਹਾਸ ਨੂੰ ਤਾਂ ਹੀ ਜ਼ਿੰਦਾ ਰੱਖਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੀਆਂ ਇਤਿਹਾਸਕ ਯਾਦਗਾਰਾਂ ਜੋ ਕਿ ਇਕ ਪੀੜ੍ਹੀ ਨੂੰ ਦੂਜੀ ਪੀੜ੍ਹੀ ਨਾਲ ਜੋੜਨ ਵਾਲਾ ਜ਼ਰੀਆ ਹਨ, ਨੂੰ ਸੰਭਾਲ ਕੇ ਰੱਖਾਂਗੇ। ਇਸ ਮੌਕੇ ਆਈ. ਆਰ. ਐਸ. ਜੋਗਿੰਦਰ ਸਿੰਘ ਨੇ ਕਾਲਜ ਦੀ ਇਸ ਵਿਰਾਸਤੀ ਇਮਾਰਤ ਨੂੰ ਦਰਸਾਉਣ ਲਈ ਹਰਪ੍ਰੀਤ ਸੰਧੂ ਦੁਆਰਾ ਪਾਏ ਸ਼ਾਨਦਾਰ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਹਰਪ੍ਰੀਤ ਸੰਧੂ ਨੇ ਕਿਹਾ ਕਿ ਉਕਤ ਫਿਲਮ ਦੀ ਸ਼ੂਟਿੰਗ ਨੂੰ ਪੂਰਾ ਕਰਨ 'ਚ ਉਨ੍ਹਾਂ ਨੂੰ ਲਗਭਗ ਇਕ ਸਾਲ ਦਾ ਸਮਾਂ ਲੱਗਿਆ ਹੈ, ਜਿਸ ਨੂੰ ਉਨ੍ਹਾਂ ਨੇ ਇਸ ਵਿਰਾਸਤੀ ਦਰਜੇ ਦੀ ਕਾਲਜ ਦੀ ਇਮਾਰਤ ਨੂੰ ਆਪਣੇ ਤਰੀਕੇ ਨਾਲ ਇਕੋ ਇੱਕ ਹੋਣ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਤਿਆਰ ਕੀਤਾ ਹੈ।

ਚੋਰੀਸ਼ੁਦਾ ਮੋਟਰਸਾਈਕਲ ਸਮੇਤ ਇਕ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)-ਇਲਾਕੇ ਅੰਦਰ ਦਿਨ-ਬ-ਦਿਨ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਜਿਲ੍ਹਾ ਪੁਲਿਸ ਵਲੋਂ ਜਗ੍ਹਾ-ਜਗ੍ਹਾ 'ਤੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਤੋਂ ਇਲਾਵਾ ਤਲਾਸ਼ੀ ਅਭਿਆਨ ਚਲਾਏ ਜਾ ਰਹੇ ਹਨ। ਇਸ ਸਬੰਧ ਵਿਚ ਥਾਣਾ ਕਲਾਨੌਰ ਦੇ ਐਸ. ਆਈ. ਦਲਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਬਾ ਤਲਾਸ਼ ਭੈੜੇ ਪੁਰਸ਼ਾਂ ਦੇ ਸਬੰਧ ਵਿਚ ਮੁਖਬਰ ਖਾਸ ਦੀ ਇਤਲਾਹ 'ਤੇ ਨਜ਼ਦੀਕ ਪੀਰ ਦੀ ਜਗ੍ਹਾ ਮੋੜ ਪਿੰਡ ਖਰਲ ਤੋਂ ਕਥਿਤ ਦੋਸ਼ੀ ਬਿਕਰਮ ਮਸੀਹ ਉਰਫ਼ ਮਿੱਟੂ ਪੁੱਤਰ ਮਹਿੰਦਰ ਮਸੀਹ ਵਾਸੀ ਮਾਨੇਪੁਰ ਥਾਣਾ ਕਲਾਨੌਰ ਨੂੰ ਚੋਰੀਸ਼ੁਦਾ ਮੋਟਰਸਾਈਕਲ ਨੰਬਰ ਪੀਬੀ 06 ਐਕਸ 2645 ਮਾਰਕਾ ਹੀਰੋ ਸਪਲੈਂਡਰ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਸਰਦਾਰ ਸੁੰਦਰ ਸਿੰਘ ਮਜੀਠੀਆ ਬੱਸ ਸਟੈਂਡ 'ਤੇ ਚੋਰੀ

ਮਜੀਠਾ (ਸੋਇਮ ਆਨੰਦ)-ਮਜੀਠਾ ਦੇ ਸਰਦਾਰ ਸੁੰਦਰ ਸਿੰਘ ਮਜੀਠੀਆ ਬੱਸ ਸਟੈਂਡ 'ਤੇ ਅੱਜ ਸਵੇਰੇ 1.30 ਵਜੇ ਦੇ ਕਰੀਬ ਚੋਰੀ ਦੀ ਘਟਨਾ ਵਾਪਰੀ, ਜਿੱਥੋਂ ਚੋਰਾਂ ਨੇ ਦਫਤਰ ਦਾ ਦਰਵਾਜ਼ਾ ਤੋੜ ਕੇ ਦੋ ਖੰਭਿਆਂ 'ਤੇ ਹੱਥ ਸਾਫ ਕਰ ਲਿਆ। ਉਥੇ ਹੀ ਕਿਸ਼ਨ ਲਾਲ ਭਾਟੀਆ ਜੋ ਕਿ ਮੂੰਗਫਲੀ ਤੇ ਕੋਲਡ ਡਰਿੰਕ ਵੇਚ ਕੇ ਬੜੀ ਮੁਸ਼ਕਲ ਨਾਲ ਆਪਣੀ ਰੋਜ਼ੀ-ਰੋਟੀ ਕਮਾਉਂਦਾ ਸੀ, ਦੀ ਰੇਹੜੀ ਦੇ ਨਾਲ ਉਸਦਾ ਸਾਮਾਨ ਵੀ ਚੋਰੀ ਕਰਕੇ ਲੈ ਗਏ। ਚੋਰਾਂ ਦੇ ਹੌਸਲੇ ਅਜਿਹੇ ਹਨ ਕਿ ਮਜੀਠਾ 'ਚ ਹਰ ਰੋਜ਼ ਚੋਰੀਆਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ ਪਰ ਮਜੀਠਾ ਪੁਲਸ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਬੀਤੇ ਸਮੇਂ ਵਿੱਚ ਸਰਕਾਰੀ ਬੱਸ ਸਟੈਂਡ ਵਿੱਚ ਤਿੰਨ ਤੋਂ ਵੱਧ ਚੋਰੀਆਂ ਹੋ ਚੁੱਕੀਆਂ ਹਨ ਪਰ ਖਬਰ ਲਿਖਣ ਤੱਕ ਪੁਲਸ ਨੇ ਚੋਰ ਤਾਂ ਕੀ ਫੜਨੇ, ਅਜੇ ਤੱਕ ਮਜੀਠਾ ਪੁਲਸ ਤਫਤੀਸ਼ ਕਰਨ ਵੀ ਨਹੀਂ ਪਹੁੰਚੀ।

ਪੁਲਸ ਵੱਲੋਂ 7500 ਐੱਮਐੱਲ ਨਾਜਾਇਜ਼ ਸ਼ਰਾਬ ਬਰਾਮਦ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਦੇ ਦਿੱਤੇ ਹੁਕਮਾਂ 'ਤੇ ਕਾਰਵਾਈ ਕਰਦਿਆ ਜ਼ਿਲ੍ਹਾ ਪੁਲਸ ਵਲੋਂ ਵੱਖ-ਵੱਖ ਜਗ੍ਹਾ 'ਤੇ ਨਾਕਾਬੰਦੀ ਅਤੇ ਛਾਪਾਮਾਰੀ ਕਰਕੇ ਨਸ਼ੇ ਦੇ ਸੌਦਾਗਰਾਂ ਦਾ ਲੱਕ ਤੋੜਨ ਲਈ ਵੱਡੀ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਜਿਲ੍ਹਾ ਗੁਰਦਾਸਪੁਰ ਅੰਦਰ ਵੱਖ-ਵੱਖ ਪੁਲਸ ਪਾਰਟੀਆਂ ਵਲੋਂ ਨਸ਼ੇ ਖਿਲਾਫ਼ ਇਕ ਵੱਡੀ ਮੁਹਿਮ ਆਰੰਭੀ ਗਈ ਹੈ ਜਿਸ ਤਹਿਤ ਕਈ ਤਸਕਰਾਂ ਨੂੰ ਕਾਬੂ ਕਰਕੇ ਪੁਲਸ ਨੇ ਸ਼ਲਾਖਾਂ ਪਿੱਛੇ ਡੱਕਿਆ ਹੈ। ਇਸ ਸਬੰਧ ਵਿਚ ਕਾਰਵਾਈ ਕਰਦਿਆਂ ਥਾਣਾ ਕਲਾਨੌਰ ਏਐਸਆਈ ਰਣਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸੂਆ ਪੁਲੀ ਹਕੀਮਪੁਰ ਤੋਂ ਦੋਸ਼ੀ ਗੁਰਮੁੱਖ ਸਿੰਘ ਪੁੱਤਰ ਜਸ਼ਪਾਲ ਸਿੰਘ ਵਾਸੀ ਭੰਗਵਾ ਨੂੰ 7500 ਐਮ.ਐਲ. ਨਾਜਾਇਜ਼ ਸਰਾਬ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਪ੍ਰਧਾਨ ਚੈਨਪੁਰੀਆ ਦੀ ਅਗਵਾਈ 'ਚ ਸ਼ਹਿਰੀ ਵਾਰਡ ਇੰਚਾਰਜਾਂ ਦੀ ਮੀਟਿੰਗ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਆਮ ਆਦਮੀ ਪਾਰਟੀ ਦੇ ਸ਼ਹਿਰੀ ਜਥੇਬੰਦਕ ਢਾਂਚੇ ਦੀਆਂ 15 ਵਾਰਡਾਂ ਦੇ ਵੱਖ-ਵੱਖ ਇੰਚਾਰਜਾਂ ਵੱਲੋਂ ਹਲਕਾ ਵਿਧਾਇਕ ਤੇ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਸਰਪ੍ਰਸਤੀ ਤੇ 'ਆਪ' ਦੇ ਕੌਮੀ ਯੂਥ ਆਗੂ ਖੁਸਪਾਲ ਸਿੰਘ ਧਾਲੀਵਾਲ ਤੇ ਕੌਮੀ ਮਹਿਲਾ ਆਗੂ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪਾਰਟੀ ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ ਦੀ ਅਗਵਾਈ 'ਚ 'ਆਪ' ਦੀ ਧਰਾਤਲ ਪੱਧਰ 'ਤੇ ਮਜ਼ਬੂਤੀ ਲਈ ਵਿਚਾਰ-ਚਰਚਾ ਕਰਨ ਲਈ ਮੀਟਿੰਗ ਕੀਤੀ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਉਪਰੰਤ ਪ੍ਰਧਾਨ ਦੀਪਕ ਚੈਨਪੁਰੀਆ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਦੇ ਮੱਦੇਨਜ਼ਰ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਵਿਕਾਸ ਤੇ ਖੁਸ਼ਹਾਲੀ ਦੀਆਂ ਲੀਹਾਂ 'ਤੇ ਤੋਰਦੇ ਹੋਏ ਲੋਕ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਦੀ ਜ਼ਰੂਰਤ ਹੈ। ਇਸ ਮੌਕੇ ਉਕਤ ਆਪ ਆਗੂਆਂ ਨੇ ਕੈਬਿਨਟ ਮੰਤਰੀ ਧਾਲੀਵਾਲ ਵੱਲੋਂ ਅਜਨਾਲਾ ਸ਼ਹਿਰ ਦੇ ਸੁੰਦਰੀਕਰਨ ਤੇ ਬਹੁ-ਪੱਖੀ ਵਿਕਾਸ ਕਾਰਜਾਂ ਲਈ ਵਿਸ਼ੇਸ਼ ਵੰਡ ਮਨਜ਼ੂਰ ਕਰਵਾਉਣ ਅਤੇ ਸ਼ਹਿਰ ਦੇ ਹਰ ਵਰਗ ਦੇ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਖਾਸ ਤਵੱਜੋ ਦਿੱਤੇ ਜਾਣ ਲਈ ਵਿਸ਼ੇਸ਼ ਤੌਰ ਤੇ ਲਈ ਧੰਨਵਾਦ ਕੀਤਾ। ਇਸ ਮੌਕੇ ਆਪ ਵਾਰਡ ਇੰਚਾਰਜ ਦਵਿੰਦਰ ਸਿੰਘ ਸੋਨੂੰ, ਪਵਿੱਤਰ ਸਿੰਘ ਫੌਸੀ, ਅਮਰਦੀਪ ਸਿੰਘ ਰਿਕੂ, ਰਸ਼ਪਾਲ ਸਿੰਘ, ਗੁਰਨਾਮ ਸਿੰਘ, ਗੋਰਾ ਸੱਗੂ, ਸੁਖਦਿਆਲ ਸਿੰਘ ਭੱਖਾ, ਸਮਸੇਰ ਸਿੰਘ, ਸੁਨੀਲ ਗਿੱਲ ਦੀਪਕ ਭੱਟੀ, ਗੁਰਦੇਵ ਸਿੰਘ (ਆਪ ਦੇ ਸਾਰੇ ਵਾਰਡ ਇੰਚਾਰਜ) ਅਤੇ ਯੂਥ ਆਗੂ ਅਮਿਤ ਔਲ, ਅਜੇ ਕੁਮਾਰ, ਵਾਰਡ ਨੰ. 8 ਦੇ ਵਾਸੀ ਗੁਰਿੰਦਰ ਸਿੰਘ, ਜਗਮੀਤ ਸਿੰਘ ਆਦਿ ਹਾਜ਼ਰ ਸਨ।

ਰਿਵਰ ਡੇਲ ਸੀਨੀਅਰ ਸੈਕੰਡਰੀ ਸਕੂਲ 'ਚ ਬੱਚਿਆਂ ਨੇ ਮਾਂ ਦਿਵਸ ਮਨਾਇਆ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਰਿਵਰ ਡੇਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਦਰ ਡੇ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਬੜੇ ਸ਼ੌਕ ਨਾਲ ਕਾਰਡ ਤਿਆਰ ਕੀਤੇ। ਵਧੀਆ ਕਾਰਡ ਬਣਾਉਣ ਵਾਲੇ ਬੱਚਿਆਂ ਨੂੰ ਡਾਇਰੈਕਟਰ ਮੈਡਮ ਅਮਰਜੀਤ ਕੌਰ ਗਿੱਲ ਵੱਲੋ ਇਨਾਮ ਤਕਸੀਮ ਕੀਤੇ ਗਏ। ਪ੍ਰਿੰਸੀਪਲ ਸੁਖਦੇਵ ਸਿੰਘ ਖਾਨ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਰੇ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦੀ ਕਦਰ ਕਰਨੀ ਚਾਹੀਦੀ ਹੈ। ਪ੍ਰੈਜ਼ੀਡੈਂਟ ਰਿਚੀ ਗਿੱਲ ਨੇ ਬੱਚਿਆਂ ਨੂੰ ਮਦਰ ਡੇ 'ਤੇ ਵਧਾਈ ਦਿੱਤੀ। ਇਸ ਮੌਕੇ ਮੈਡਮ ਜਸਮੀਤ, ਰਵਿੰਦਰ, ਕੁਲਦੀਪ ਕੌਰ ਆਦਿ ਹਾਜ਼ਰ ਸਨ।

ਬਜ਼ੁਰਗ ਕਿਸਾਨਾਂ ਤੇ ਔਰਤਾਂ 'ਤੇ ਸਰਕਾਰੀ ਜਬਰ ਅਤੀ ਨਿੰਦਣਯੋਗ: ਭੋਜਰਾਜ, ਹਰਦੋਝੰਡੇ

ਗੁਰਦਾਸਪੁਰ, (ਜਨਕ ਮਹਾਜਨ)-ਸੁਖਦੇਵ ਸਿੰਘ ਭੋਜਰਾਜ ਪ੍ਰਧਾਨ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਅਤੇ ਸੁਖਜੀਤ ਸਿੰਘ ਹਰਦੋ ਝੰਡੇ ਪ੍ਰਧਾਨ ਪੰਜਾਬ ਕਿਸਾਨ ਮਜ਼ਦੂਰ ਯੂਨੀਅਨ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਭਾਰਤ ਮਾਲਾ ਪ੍ਰੋਜੈਕਟ ਤਹਿਤ ਇਕਵਾਇਰ

20-May-PAGE-4.qxd 5/19/2023 9:28 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 20 ਮਈ 2023

ਵਿਕਾਸ ਨਹੀਂ ਵਿਨਾਸ਼

ਓਹੀਓ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇੱਕ ਅਜਿਹਾ ਮਾਡਲ ਤਿਆਰ ਕੀਤਾ ਹੈ, ਜਿਸ ਦੇ ਅਧਾਰ 'ਤੇ ਪਤਾ ਲਾਇਆ ਜਾ ਸਕਦਾ ਹੈ ਕਿ ਕੋਈ ਦੇਸ਼ ਸੱਚੇ ਵਿਕਾਸ ਦੀ ਰਾਹ ਉੱਤੇ ਚੱਲ ਰਿਹਾ ਹੈ ਜਾਂ ਨਹੀਂ। ਸੱਚਾ ਵਿਕਾਸ ਉਹ ਵਿਕਾਸ ਹੁੰਦਾ ਹੈ, ਜਿਸ ਵਿੱਚ ਕੁਦਰਤੀ ਸੋਮਿਆਂ ਦੀ ਵਰਤੋਂ ਉਨ੍ਹਾਂ ਦੇ ਵਿਕਾਸ ਨਾਲੋਂ ਘੱਟ ਹੁੰਦੀ ਹੈ। ਇਸ ਵਿੱਚ ਸਾਧਨਾਂ ਦੀ ਵਰਤੋਂ ਰਾਹੀਂ ਪੈਦਾ ਹੁੰਦੇ ਪ੍ਰਦੂਸ਼ਣ ਤੇ ਗਰੀਨ ਹਾਊਸ ਗੈਸਾਂ ਦਾ ਪ੍ਰਬੰਧ ਇਸ ਤਰ੍ਹਾਂ ਕੀਤਾ ਜਾਂਦਾ ਹੈ, ਜਿਸ ਨਾਲ ਕੁਦਰਤੀ ਸੋਮਿਆਂ ਤੇ ਵਾਤਾਵਰਨ ਉੱਤੇ ਇਸ ਦਾ ਕੋਈ ਅਸਰ ਨਾ ਪਵੇ। ਓਹੀਓ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਕੁੱਲ 178 ਦੇਸ਼ਾਂ ਦੇ ਵਿਕਾਸ ਦੀ ਪੜਤਾਲ ਕਰਕੇ ਦੱਸਿਆ ਕਿ ਇਨ੍ਹਾਂ ਵਿੱਚੋਂ ਸਿਰਫ਼ 6 ਫ਼ੀਸਦੀ ਤੋਂ ਵੀ ਘੱਟ ਦੇਸ਼ ਆਪਣੀ ਜਨਤਾ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਾਪਤ ਕਰਾਉਣ ਦੇ ਬਾਅਦ ਵੀ ਜਲ ਸੋਮਿਆਂ ਅਤੇ ਗਰੀਨ ਹਾਊਸ ਗੈਸਾਂ ਦਾ ਵਾਤਾਵਰਨ ਪੱਖੀ ਪ੍ਰਬੰਧ ਕਰ ਰਹੇ ਹਨ, ਭਾਵ ਸਹੀ ਅਰਥਾਂ ਵਿੱਚ ਸੱਚਾ ਵਿਕਾਸ ਕਰ ਰਹੇ ਹਨ।

'ਵਨ ਅਰਥ' ਨਾਮਕ ਰਸਾਲੇ ਵਿੱਚ ਪ੍ਰਕਾਸ਼ਤ ਇਸ ਅਧਿਐਨ ਮੁਤਾਬਕ ਬਹੁਤੇ ਦੇਸ਼ ਆਪਣੀ ਜਨਤਾ ਨੂੰ ਲੋੜੀਂਦੇ ਖਾਧ ਪਦਾਰਥ, ਊਰਜਾ ਤੇ ਪਾਣੀ ਦੀ ਪੂਰਤੀ ਲਈ ਕੁਦਰਤੀ ਸੋਮਿਆਂ ਦੀ ਉਨ੍ਹਾਂ ਦੀ ਮੁੜ ਵਿਕਾਸ ਸਮਰੱਥਾ ਤੋਂ ਵੱਧ ਵਰਤੋਂ ਕਰ ਰਹੇ ਹਨ। ਇਨ੍ਹਾਂ 178 ਦੇਸ਼ਾਂ ਵਿੱਚੋਂ 67 ਫ਼ੀਸਦੀ ਦੇਸ਼ ਜਲ ਸੋਮਿਆਂ ਦੀ ਵਾਤਾਵਰਨ ਪੱਖੀ ਵਰਤੋਂ ਕਰ ਰਹੇ ਹਨ, ਪਰ ਸਿਰਫ਼ 9 ਫ਼ੀਸਦੀ ਹੀ ਗਰੀਨ ਹਾਊਸ ਗੈਸਾਂ ਦੇ ਪੈਦਾ ਹੋਣ ਨੂੰ ਘੱਟ ਕਰਨ ਲਈ ਕਦਮ ਚੁੱਕ ਰਹੇ ਹਨ। ਅਮਰੀਕਾ ਵਰਗੇ ਸਮਰੱਥ ਦੇਸ਼ ਵੀ ਜਲ ਪ੍ਰਬੰਧਨ ਵਿੱਚ ਤਾਂ ਅੱਗੇ ਹਨ, ਪਰ ਗਰੀਨ ਹਾਊਸ ਗੈਸਾਂ ਦੀ ਪੈਦਾਵਾਰ ਨੂੰ ਘੱਟ ਕਰਨ ਲਈ ਕੋਈ ਦਿਲਚਸਪੀ ਨਹੀਂ ਲੈ ਰਹੇ।

ਇਸ ਅਧਿਐਨ ਦੀ ਮੁੱਖ ਲੇਖਿਕਾ ਪ੍ਰੋਫ਼ੈਸਰ ਭਾਵਿਕ ਬਖਸ਼ੀ ਅਨੁਸਾਰ, ਹੁਣ ਸਮਾਂ ਆ ਗਿਆ ਹੈ ਜਦੋਂ ਸਭ ਦੇਸ਼ਾਂ ਨੂੰ ਵਾਤਾਵਰਨ ਨਾਲ ਜੁੜੇ ਮੁੱਦਿਆਂ ਉੱਤੇ ਸਵੈ-ਨਿਰਭਰ ਹੋਣਾ ਪਵੇਗਾ ਤੇ ਨਾਲ ਦੀ ਨਾਲ ਜਨਤਾ ਨੂੰ ਵੀ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣੀਆਂ ਪੈਣਗੀਆਂ। ਬਹੁਤੇ ਦੇਸ਼ ਬੁਨਿਆਦੀ ਸਹੂਲਤਾਂ ਤਾਂ ਦੇ ਰਹੇ ਹਨ, ਪਰ ਉਸ ਦੇ ਅਨੁਪਾਤ ਤੋਂ ਵੱਧ ਵਾਤਾਵਰਨ ਤੇ ਕੁਦਰਤੀ ਸੋਮਿਆਂ ਦੀ ਤਬਾਹੀ ਕਰ ਰਹੇ ਹਨ।

ਬਹੁਤੇ ਦੇਸ਼ਾਂ ਵਿੱਚ ਜਨਤਾ ਨੂੰ ਬੁਨਿਆਦੀ ਸਹੂਲਤਾਂ ਕੁਦਰਤੀ ਸੋਮਿਆਂ ਨੂੰ ਬਚਾ ਕੇ ਵੀ ਮੁਹੱਈਆ ਕਰਵਾਈਆਂ ਜਾ ਸਕਦੀਆਂ ਹਨ, ਪਰ ਸਰਕਾਰੀ ਨੀਤੀਆਂ ਤੇ ਇੱਛਾ-ਸ਼ਕਤੀ ਦੀ ਘਾਟ ਕਾਰਨ ਅਜਿਹਾ ਨਹੀਂ ਹੁੰਦਾ। ਗਰੀਨ ਹਾਊਸ ਗੈਸਾਂ ਨੂੰ ਘੱਟ ਕਰਨ ਲਈ ਜੰਗਲਾਂ ਤੇ ਦਰੱਖਤਾਂ ਦਾ ਹੋਣਾ ਜ਼ਰੂਰੀ ਹੈ, ਪਰ 37 ਫ਼ੀਸਦੀ ਦੇਸ਼ਾਂ, ਜੋ ਮੱਧ ਪੂਰਬ, ਉੱਤਰੀ ਅਫ਼ਰੀਕਾ ਤੇ ਅਫ਼ਰੀਕਾ ਦੇ ਸਹਾਰਾ ਖੇਤਰ ਵਿੱਚ ਮੌਜੂਦ ਹਨ, 'ਚ ਰੇਗਿਸਤਾਨੀ ਧਰਤੀ ਕਾਰਨ ਉੱਥੇ ਦਰੱਖਤ ਤੇ ਜੰਗਲ ਨਹੀਂ ਹੋ ਸਕਦੇ। ਦੁਨੀਆ ਦੇ ਸਿਰਫ਼ 10 ਫ਼ੀਸਦੀ ਦੇਸ਼ ਅਜਿਹੇ ਹਨ, ਜਿਥੇ ਜਲ ਸੋਮੇ ਏਨੇ ਘੱਟ ਹਨ ਕਿ ਨਾਗਰਿਕਾਂ ਦੀ ਪਾਣੀ ਦੀ ਅਹਿਮ ਲੋੜ ਵੀ ਪੂਰੀ ਨਹੀਂ ਹੁੰਦੀ।

ਮਾਨਵ ਵਿਕਾਸ ਦਾ ਵਾਤਵਰਨ ਮੁੱਲ ਵਧਦਾ ਜਾ ਰਿਹਾ ਹੈ। ਵਿਕਾਸ ਦੇ ਨਾਂਅ 'ਤੇ ਸਭ ਤੋਂ ਪਹਿਲਾਂ ਵਾਤਾਵਰਨ ਦੀ ਹੀ ਤਬਾਹੀ ਹੁੰਦੀ ਹੈ। ਇਸ ਨਾਲ ਵਿਕਾਸ ਦਾ ਆਰਥਕ ਮੁੱਲ ਵਧ ਜਾਂਦਾ ਹੈ। ਮੁੜ ਨਵਿਆਉਣ ਯੋਗ ਊਰਜਾ, ਬਨਸਪਤੀ ਅਧਾਰਤ ਭੋਜਨ ਤੇ ਕਚਰਾ ਮੈਨੇਜਮੈਂਟ ਨਾਲ ਸੰਬੰਧਤ ਆਰਥਕਤਾ ਨੂੰ ਵਧਾ ਕੇ ਹੀ ਅਬਾਦੀ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਂਦਾ ਜਾ ਸਕਦਾ ਹੈ, ਇਸ ਨਾਲ ਵਾਤਾਵਰਨ ਵੀ ਸੁਰੱਖਿਅਤ ਰਹੇਗਾ।

ਭਾਰਤ : ਜੀ-20 ਮਾਅਰਕੇਬਾਜ਼ੀ ਅਤੇ ਅਸਲੀਅਤ

ਡੀ ਰਾਜਾ, ਕੌਮੀ ਜਨਰਲ ਸਕੱਤਰ ਸੀ ਪੀ ਆਈ

ਅਨੁ : ਐੱਮ ਐੱਸ ਭਾਟੀਆ

20 ਦੇਸ਼ਾਂ ਦਾ ਗਰੁੱਪ (ਜੀ 20), ਜਿਸ ਦੀ ਭਾਰਤ ਬੜੀ ਧੂਮਧਾਮ ਨਾਲ ਪ੍ਰਧਾਨਗੀ ਕਰ ਰਿਹਾ ਹੈ, ਦਾ ਗਠਨ 1999 ਵਿੱਚ ਸੰਸਾਰ ਦੀ ਆਰਥਿਕਤਾ ਨਾਲ ਸਬੰਧਤ ਵਿਆਪਕ ਮੁੱਦਿਆਂ ਨਾਲ ਨਜਿੱਠਣ ਲਈ ਕੀਤਾ ਗਿਆ ਸੀ। ਇਹ ਉਦੋਂ ਬਣਾਇਆ ਗਿਆ ਸੀ, ਜਦੋਂ ਨਵ-ਉਦਾਰਵਾਦ ਦੁਨੀਆ ਭਰ ਵਿੱਚ ਆਪਣਾ ਪ੍ਰਭਾਵ ਵਧਾ ਰਿਹਾ ਸੀ, ਪਰ ਇਹ ਗਰੁੱਪ ਇਸ ਨੂੰ ਕਾਇਮ ਰੱਖਣ ਵਿੱਚ ਅਸਫਲ ਰਿਹਾ। ਇਹ ਗਰੁੱਪ 2008 ਦੀ ਵਿੱਤੀ ਮੰਦੀ ਨੂੰ ਨਜਿੱਠਣ ਵਿਚ ਅਸਫਲ ਰਿਹਾ। ਸਿੱਟੇ ਵਜੋਂ ਜੀ8/ਜੀ7 ਗਰੁੱਪਾਂ ਦਾ ਉਭਾਰ ਹੋਇਆ। ਜਦੋਂ ਜੀ8/ਜੀ7 'ਤੇ ਇਹ ਦੋਸ਼ ਲੱਗਿਆ ਕਿ ਇਹ ਦੁਨੀਆ ਦੇ ਵੱਡੇ ਹਿੱਸੇ ਨੂੰ ਅੱਖੋਂ-ਪਰੋਖੇ ਕਰ ਰਹੇ ਹਨ ਤਾਂ ਦੁਬਾਰਾ ਜੀ20 ਦਾ ਪਲੇਟਫਾਰਮ ਪ੍ਰਸੰਗਿਕ ਹੋ ਗਿਆ ਸੀ, ਪਰ ਸੰਯੁਕਤ ਰਾਸ਼ਟਰ ਦੇ ਮੁਕਾਬਲੇ ਇਹ ਕਾਫੀ ਸੀਮਤ ਸੀ।

ਜੀ-20 ਦੀ ਪ੍ਰਧਾਨਗੀ ਭਾਰਤ ਕੋਲ ਹੈ ਅਤੇ ਇਹ ਦੇਖਣਾ ਜ਼ਰੂਰੀ ਹੈ ਕਿ ਇਹ ਘਰੇਲੂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਮ ਲੋਕਾਂ ਲਈ ਕਿੰਨਾ ਹਾਂ-ਪੱਖੀ ਪ੍ਰਭਾਵ ਛੱਡਦਾ ਹੈ।

ਵਾਰੀ ਸਿਰ ਮਿਲੀ ਪ੍ਰਧਾਨਗੀ ਨੂੰ ਬੀਜੇਪੀ ਅਤੇ ਭਾਰਤੀ ਮੁੱਖ ਧਾਰਾ ਮੀਡੀਆ ਇਸ ਨੂੰ ਪ੍ਰਧਾਨ ਮੰਤਰੀ ਦੇ ਨਿੱਜੀ ਕ੍ਰਿਸ਼ਮੇ ਵਜੋਂ ਪੇਸ਼ ਕਰਨ ਲੱਗਿਆ ਹੋਇਆ ਹੈ ਅਤੇ ਇਸ ਨੂੰ ਇੱਕ ਬਹੁਤ ਵੱਡੀ ਘਟਨਾ ਦਰਸਾਇਆ ਜਾ ਰਿਹਾ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਭਾਰਤ ਨੂੰ ਪ੍ਰਧਾਨਗੀ ਵਾਰੀ ਆਉਣ 'ਤੇ ਹੀ ਮਿਲੀ ਹੈ ਅਤੇ ਇਹ ਕੋਈ ਬਹੁਤ ਵੱਡੀ ਉਪਲੱਬਧੀ ਨਹੀਂ ਹੈ , ਬਲਕਿ ਇਹ ਸਾਨੂੰ ਇਹ ਇੱਕ ਸਾਲ ਪੱਛੜ ਕੇ ਮਿਲੀ ਹੈ।

ਜੀ-20 ਦੀ ਪ੍ਰਧਾਨਗੀ ਨੂੰ ਭਾਜਪਾ ਦੀ ਮੋਦੀ ਸਰਕਾਰ ਵੱਲੋਂ ਆਉਣ ਵਾਲੀਆਂ ਨੌਂ ਰਾਜਾਂ ਦੀਆਂ ਚੋਣਾਂ ਅਤੇ 2024 ਦੀਆਂ ਆਮ ਚੋਣਾਂ ਵਿੱਚ ਵਿਦੇਸ਼ੀ ਮਹਿਮਾਨਾਂ/ਪਤਵੰਤਿਆਂ ਨਾਲ ਸਰਕਾਰੀ ਖਰਚੇ 'ਤੇ ਵੱਖ-ਵੱਖ ਸੂਬਿਆਂ ਵਿਚ ਮਹਿਮਾਨ-ਨਿਵਾਜ਼ੀ ਕਰਕੇ ਚੋਣਾਂ ਵਿਚ ਫਾਇਦਾ ਲੈਣ ਲਈ ਵਰਤਿਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਦੇ ਇੱਕ ਬਲਾਗ ਪੋਸਟ ਅਨੁਸਾਰ : "ਭਾਰਤ ਵਿਸ਼ਵ ਦਾ ਇੱਕ ਸੂਖਮ ਸਰੂਪ ਹੈ, ਜੋ ਅਲੱਗ-ਅਲੱਗ ਭਾਸ਼ਾਵਾਂ, ਧਰਮਾਂ, ਰੀਤੀ-ਰਿਵਾਜਾਂ ਅਤੇ ਵਿਸ਼ਵਾਸਾਂ ਦਾ ਸੁਮੇਲ ਹੈ", ਜਦੋਂ ਕਿ ਹਕੀਕਤ ਵਿਚ ਭਾਰਤ ਵਿੱਚ ਮੋਦੀ ਦੇ ਸ਼ਾਸਨ ਦੌਰਾਨ ਇਸ ਵਿਭਿੰਨਤਾ ਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਖਤਰਾ ਦਰਪੇਸ਼ ਹੈ।

ਆਰ ਐੱਸ ਐੱਸ ਅਤੇ ਭਾਜਪਾ ਇੱਕ ਪਾਸੇ ਇਸ ਸਭ ਕਾਸੇ ਨੂੰ ਤਹਿਸ-ਨਹਿਸ ਕਰਕੇ ਇਕ ਪਾਸੜ ਤੌਰ 'ਤੇ ਸਾਰੇ ਦੇਸ਼ ਵਿਚ ਹਿੰਦੀ ਲਾਗੂ ਕਰਨਾ ਚਾਹੁੰਦੀ ਹੈ ਤੇ ਦੂਜੇ ਪਾਸੇ ਘੱਟ-ਗਿਣਤੀਆਂ ਖਿਲਾਫ ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਧਾਰਮਿਕ ਮਾਮਲਿਆਂ ਨੂੰ ਲੈ ਕੇ ਜ਼ੋਰ-ਸ਼ੋਰ ਨਾਲ ਵਿਤਕਰੇ ਦੀ ਨੀਤੀ 'ਤੇ ਚੱਲ ਰਹੀ ਹੈ। ਮੋਦੀ ਸਰਕਾਰ ਵੱਲੋਂ ਦੇਸ਼ ਦੇ ਫੈਡਰਲ ਢਾਂਚੇ ਨੂੰ ਖਤਮ ਕਰਨ ਲਈ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਪ੍ਰਧਾਨ ਮੰਤਰੀ ਨੇ ਲਿਖਿਆ ਹੈ ਕਿ "ਲੋਕਤੰਤਰ ਭਾਰਤ ਦੀ ਰੂਹ ਵਿੱਚ ਮੌਜੂਦ ਹੈ" ਜਦੋਂ ਕਿ ਬਹੁਗਿਣਤੀਵਾਦ ਵੱਲੋਂ ਲੋਕਤੰਤਰੀ ਢਾਂਚੇ 'ਤੇ ਹਮਲਾ ਕੀਤਾ ਜਾ ਰਿਹਾ ਹੈ, ਸੰਸਦ ਨੂੰ ਬੇਲੋੜਾ ਬਣਾਇਆ ਜਾ ਰਿਹਾ ਹੈ ਅਤੇ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਖੋਰਾ ਲਾਇਆ ਜਾ ਰਿਹਾ ਹੈ।

ਕੇਂਦਰੀ ਏਜੰਸੀਆਂ ਨੂੰ ਵਿਰੋਧੀਆਂ ਦੇ ਖਿਲਾਫ ਵਰਤਿਆ ਜਾ ਰਿਹਾ ਹੈ, ਜਦੋਂ ਕਿ ਦੇਸ਼ ਦਾ ਮੁੱਖ ਧਾਰਾ ਮੀਡੀਆ ਅੱਖਾਂ ਮੀਟੀ ਬੈਠਾ ਹੈ। ਅਸਹਿਮਤੀ ਨੂੰ ਅਪਰਾਧ ਬਣਾਇਆ ਜਾ ਰਿਹਾ ਹੈ ਅਤੇ ਨਾਗਰਿਕ ਅਜ਼ਾਦੀ ਦਾ ਸਾਹ ਘੁੱਟਿਆ ਜਾ ਰਿਹਾ ਹੈ। ਜਿਹੜੇ ਲੋਕ ਸਵਾਲ ਕਰਨ ਦੀ ਹਿੰਮਤ ਕਰਦੇ ਹਨ, ਉਨ੍ਹਾਂ ਵਿਰੁੱਧ ਸਖਤ ਤੋਂ ਸਖਤ ਕਾਨੂੰਨ ਲਾਗੂ ਕੀਤੇ ਜਾਂਦੇ ਹਨ।

ਸਾਡੇ ਸੁਤੰਤਰਤਾ ਅੰਦੋਲਨ ਦੇ ਬੁਨਿਆਦੀ ਤੱਤ ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਸੰਵਾਦ ਦੀ ਹੋਂਦ ਖਤਰੇ ਵਿੱਚ ਹੈ।

ਅਡਾਨੀ ਵਰਗੇ ਕਾਰਪੋਰੇਟਾਂ ਬਾਰੇ ਅਤੇ ਵਿੱਤੀ ਪੂੰਜੀ ਦੀ ਭੂਮਿਕਾ ਬਾਰੇ ਸਵਾਲਾਂ ਨੂੰ ਸੰਸਦ ਵਿੱਚ ਉਠਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ, ਜੋ ਕਿ ਦੇਸ਼ ਦੇ ਲੋਕਤੰਤਰਿਕ ਸੁਭਾਅ ਦੇ ਉਲਟ ਹੈ ਅਤੇ ਇਹ ਸਰਕਾਰ ਦੀ ਕਹਿਣੀ ਤੇ ਕਰਨੀ ਨੂੰ ਦਰਸਾਉਂਦਾ ਹੈ।

ਪ੍ਰਧਾਨ ਮੰਤਰੀ ਦਾ ਜੀ-20 ਸੰਮੇਲਨ ਵਿੱਚ ਦਿੱਤਾ ਮੰਤਰ- 'ਇੱਕ ਧਰਤੀ, ਇੱਕ ਪਰਵਾਰ, ਇੱਕ ਭਵਿੱਖ' ਵੀ ਦੁਨੀਆ ਦੇ ਦੇਸ਼ਾਂ ਵਿਚਲੀਆਂ ਅਲੱਗ-ਅਲੱਗ ਵਿਭਿੰਨਤਾਵਾਂ ਨੂੰ ਮਾਨਤਾ ਦੇਣ ਤੋਂ ਇਨਕਾਰੀ ਹੈ।

ਵਿਵਾਦਗ੍ਰਸਤ ਨਾਗਰਿਕਤਾ ਸੋਧ ਐਕਟ ਰਾਹੀਂ ਘੱਟ-ਗਿਣਤੀ ਲੋਕਾਂ ਦੇ ਇੱਕ ਵਰਗ ਨਾਲ ਧਰਮ ਦੇ ਅਧਾਰ 'ਤੇ ਵਿਤਕਰੇ ਨੂੰ ਕਾਨੂੰਨੀ ਮਾਨਤਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਪੱਖਪਾਤੀ ਅਤੇ ਵਿਤਕਰੇ ਵਾਲੇ ਕਾਨੂੰਨ ਦੀ ਅੰਤਰਰਾਸ਼ਟਰੀ ਪੱਧਰ 'ਤੇ ਨਿਖੇਧੀ ਹੋਈ ਹੈ।

ਇਸ ਕਾਨੂੰਨ ਕਰਕੇ ਹੀ ਦਿੱਲੀ ਵਿਚ ਫਿਰਕੂ ਦੰਗੇ ਹੋਏ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਹੀ ਆਰ.ਐੱਸ.ਐੱਸ. ਦੇ ਮਹਾਂ ਪੁਜਾਰੀ ਐੱਮ.ਐੱਸ. ਗੋਲਵਾਲਕਰ ਨੇ ਕਿਹਾ ਸੀ ਕਿ ਘੱਟ ਗਿਣਤੀਆਂ ਹਿੰਦੂ ਰਾਸ਼ਟਰ ਦੇ ਅਧੀਨ ਕਿਸੇ ਸੁਵਿਧਾ ਅਤੇ ਵਿਸ਼ੇਸ਼ ਅਧਿਕਾਰ ਦੀ ਮੰਗ ਕੀਤੇ ਬਿਨਾਂ, ਇੱਥੋਂ ਤੱਕ ਕਿ ਦੇਸ਼ ਦੀ ਨਾਗਰਿਕਤਾ ਦੇ ਅਧਿਕਾਰ ਦੀ ਮੰਗ ਕੀਤੇ ਬਿਨਾਂ ਰਹਿ ਸਕਦੀਆਂ ਹਨ।

ਆਰ ਐੱਸ ਐੱਸ-ਭਾਜਪਾ ਦੇਸ਼ ਵਿੱਚ ਫਿਰਕੂ ਬੁਨਿਆਦ 'ਤੇ 'ਪਰਿਵਾਰ' ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਆਰ.ਐੱਸ.ਐੱਸ.-ਭਾਜਪਾ ਦੇ ਸ਼ਾਸਨ ਅਧੀਨ ਫਿਰਕੂ, ਜਾਤੀ ਅਧਾਰਤ ਅਤੇ ਦੁਸਕਰਮਵਾਦੀ ਤੱਤਾਂ ਨੂੰ ਹੌਸਲਾ ਮਿਲਿਆ ਹੈ ਅਤੇ ਉਹ ਭਵਿੱਖ ਵਿੱਚ ਇਸ 'ਤੇ ਅਧਾਰਤ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਟੀਚੇ ਨੂੰ ਪੂਰਾ ਕਰਨਾ ਚਾਹੁੰਦੇ ਹਨ।

ਕੀ ਇਹ ਕਲਪਨਾ ਕਰਨਾ ਮੁਸ਼ਕਲ ਹੈ ਕਿ ਦੁਨੀਆ ਦਾ 'ਇੱਕ ਭਵਿੱਖ' ਕਿੱਦਾਂ ਦਾ ਹੋਵੇਗਾ ?

ਭਾਰਤ ਨੇ ਗੁੱਟ ਨਿਰਲੇਪ ਲਹਿਰ ਦੇ ਤਹਿਤ ਅੰਤਰ-ਰਾਸ਼ਟਰੀ ਮਾਮਲਿਆਂ ਵਿੱਚ ਪ੍ਰਮੁੱਖਤਾ ਪ੍ਰਾਪਤ ਕੀਤੀ ਸੀ, ਪਰ ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਸਮੂਹ ਨਾਲ ਭਾਰਤ ਦੀ ਵਧਦੀ ਨੇੜਤਾ ਨੇ ਸਾਡੇ ਲਈ ਕਈ ਸਮੱਸਿਆਵਾਂ ਪੈਦਾ ਕੀਤੀਆਂ ਹਨ ਅਤੇ ਅਸੀਂ ਦੇਖ ਸਕਦੇ ਹਾਂ ਕਿ ਦੁਨੀਆ ਦੇ ਪੱਛੜੇ ਅਤੇ ਗਰੀਬ ਕਈ ਦੇਸ਼ਾਂ ਵਿੱਚ ਸਾਡੀ ਰਵਾਇਤੀ ਸਦਭਾਵਨਾ ਨੂੰ ਖੋਰਾ ਲੱਗਿਆ ਹੈ।

ਜੀ-20 ਦੀ ਪ੍ਰਧਾਨਗੀ ਸੰਭਾਲਣ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਨੇ ਸਰਬ ਪਾਰਟੀ ਮੀਟਿੰਗ ਕੀਤੀ। ਪਰ ਜੀ-20 ਦੇ ਪ੍ਰਧਾਨ ਵਜੋਂ ਭਾਰਤ ਇਸ ਬਾਰੇ ਕੀ ਕਰਨਾ ਚਾਹੁੰਦਾ ਹੈ, ਸਪੱਸ਼ਟ ਨਹੀਂ ਕੀਤਾ ਗਿਆ। ਹਾਲਾਂਕਿ ਉਥੇ ਬਹੁਪੱਖੀ ਵਿਕਾਸ ਬੈਂਕਾਂ ਦੇ ਜੀ-20 ਦੇਸ਼ਾਂ ਦੇ ਮਾਹਰ ਪੈਨਲ ਵੱਲੋਂ ਨਿੱਜੀ ਪੂੰਜੀ ਜੁਟਾਉਣ ਅਤੇ ਖਾਸ ਖੇਤਰਾਂ ਵਿੱਚ ਨਿਵੇਸ਼ ਅਤੇ ਖਰਚ ਲਈ ਤਰਜੀਹਾਂ ਸੰਬੰਧੀ ਉਪਾਵਾਂ ਦੀ ਸਿਫਾਰਸ਼ ਕੀਤੀ ਜਾਵੇਗੀ, ਜਿਸ ਨਾਲ ਵੱਡਾ ਫਰਕ ਪੈਣ ਦੀਆਂ ਸੰਭਾਵਨਾਵਾਂ ਹੋਣਗੀਆਂ।

ਸਾਡੀ ਅਜ਼ਾਦੀ ਦੀ ਲਹਿਰ ਦੇ ਆਗੂ ਦੱਬੇ-ਕੁਚਲੇ ਅਤੇ ਗਰੀਬ ਦੇਸ਼ਾਂ ਦਾ ਏਕਾ ਬਣਾਉਣ ਲਈ ਸੁਚੇਤ ਸਨ। ਇਹੀ ਏਕਤਾ ਅੱਗੇ ਜਾ ਕੇ ਗੁੱਟ ਨਿਰਲੇਪ ਦੇਸ਼ਾਂ ਦੀ ਲਹਿਰ ਵਜੋਂ ਉੱਭਰੀ ਅਤੇ ਭਾਰਤ ਇਨ੍ਹਾਂ ਨਵੇਂ ਅਜ਼ਾਦ ਹੋਏ ਅਫਰੀਕਾ ਅਤੇ ਏਸ਼ੀਆ ਦੇ ਮੁਲਕਾਂ ਅਤੇ ਅਮਨ ਦੀ ਇੱਕ ਸਭ ਤੋਂ ਮਹੱਤਵਪੂਰਨ ਆਵਾਜ਼ ਵਜੋਂ ਉੱਭਰਿਆ, ਪਰ ਹੁਣ ਭਾਰਤ ਦਾ ਅਮਰੀਕਾ ਦੀ ਅਗਵਾਈ ਵਾਲੇ ਫੌਜੀ ਗਠਜੋੜ ਵਿੱਚ ਸ਼ਾਮਲ ਹੋਣ ਨਾਲ ਅਤੇ ਪੱਛਮ ਵੱਲ ਖਿੱਚੇ ਜਾਣ ਨਾਲ ਇਸ ਅਕਸ ਨੂੰ ਢਾਹ ਲੱਗ ਰਹੀ ਹੈ । ਇਸ ਤਰ੍ਹਾਂ ਅਸੀਂ ਮਹੱਤਵਪੂਰਨ ਮੁੱਦਿਆਂ 'ਤੇ ਸਹੀ ਦਿਸ਼ਾ ਵੱਲ ਲਿਜਾਣ ਤੋਂ ਅਸਮਰੱਥ ਹਾਂ। ਪੱਛਮੀ ਦੇਸ਼ਾਂ ਦੀ ਧੱਕੇਸ਼ਾਹੀ ਦੇ ਵਿਰੁੱਧ ਤੀਜੀ ਦੁਨੀਆ ਦੇ ਮੁਲਕਾਂ ਦੀ ਏਕਤਾ ਨੂੰ ਢਾਹ ਲੱਗ ਰਹੀ ਹੈ।

ਪਿਛਲੇ ਸਾਲਾਂ ਦੌਰਾਨ ਭਾਰਤ ਦੀ ਵਿਦੇਸ਼ ਨੀਤੀ ਸਿਰਫ ਅਮਰੀਕਾ ਦੀ ਅਗਵਾਈ ਹੇਠ ਪੱਛਮੀ ਦੇਸ਼ਾਂ ਵੱਲ ਨੇੜਤਾ ਕਰਨ ਵਿੱਚ ਸਿਮਟ ਕੇ ਰਹਿ ਗਈ ਹੈ।

ਸਦਭਾਵਨਾ, ਸ਼ਾਂਤੀ ਅਤੇ ਵਿਕਾਸ ਦੀ ਨੀਤੀ ਨੂੰ ਅੱਗੇ ਵਧਾਉਣ ਦੀ ਥਾਂ ਸਾਡੀ ਕੂਟਨੀਤਕ ਊਰਜਾ ਦੇਸ਼ ਦੇ ਸਿਰਫ ਇਕ ਆਗੂ ਨੂੰ ਲੋੜ ਨਾਲੋਂ ਵੱਧ ਚਮਕਾਉਣ ਲਈ ਹੀ ਲੱਗ ਰਹੀ ਹੈ। ਸਾਡੇ ਦੇਸ਼ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਜੋ ਅਜ਼ਾਦਾਨਾ ਪੱਖ ਲੈਣਾ ਚਾਹੀਦਾ ਸੀ, ਉਸ ਤੋਂ ਸਾਡਾ ਦੇਸ਼ ਥਿੜਕ ਚੁੱਕਿਆ ਹੈ।

ਪ੍ਰਧਾਨ ਮੰਤਰੀ ਦੇ ਮਨਪਸੰਦ ਵਾਕਾਂ ਵਿੱਚੋਂ ਇੱਕ 'ਵਸੁਧੈਵ ਕੁਟੁੰਬਕਮ' ਦਾ ਸੰਦੇਸ਼ ਸਾਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਇੱਕ ਪਰਵਾਰ ਵਜੋਂ ਬਿਨਾਂ ਕਿਸੇ ਭੇਦਭਾਵ ਦੇ ਵਿਚਰਨ ਲਈ ਪ੍ਰੇਰਦਾ ਹੈ। ਹੁਣ ਜੀ 20 ਦੇ ਪ੍ਰਧਾਨ ਦੇ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਕੋਲ ਊਚ-ਨੀਚ, ਜਾਤ-ਪਾਤ, ਧਾਰਮਿਕ ਘੱਟ-ਗਿਣਤੀਆਂ ਅਤੇ ਔਰਤਾਂ ਦੇ ਖਿਲਾਫ ਅੱਤਿਆਚਾਰ, ਬਹੁਗਿਣਤੀਵਾਦ, ਅੰਧਰਾਸ਼ਟਰਵਾਦ ਅਤੇ ਆਰਥਿਕ ਨਾ-ਬਰਾਬਰੀ ਤੋਂ ਰ

20-MAY-PAGE-5.qxd 5/19/2023 9:32 PM Page 1

ਕੇਂਦਰ ਸਰਕਾਰ ਦੇਸ਼ ਅੰਦਰ ਅਰਾਜਕਤਾ ਫੈਲਾਉਣ ਤੋਂ ਬਾਜ ਆਵੇ : ਸੰਯੁਕਤ ਕਿਸਾਨ ਮੋਰਚਾ

■ ਮਹਿਲਾ ਪਹਿਲਵਾਨਾਂ ਦੇ ਹੱਕ 'ਚ ਦਿੱਤਾ ਧਰਨਾ ਤੇ ਰੋਸ ਮੁਜ਼ਾਹਰਾ

ਮਾਨਸਾ (ਆਤਮਾ ਸਿੰਘ ਪਮਾਰ)

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਕਿਸਾਨ ਆਗੂਆਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ ਲਗਾ ਕੇ ਉਨ੍ਹਾਂ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਦਿੱਤਾ ਗਿਆ। ਸ਼ਹਿਰ ਅੰਦਰ ਵਿਸ਼ਾਲ ਰੋਸ ਮੁਜ਼ਾਹਰਾ ਕਰਕੇ ਮੋਦੀ ਸਰਕਾਰ ਦੀ ਅਰਥੀ ਫੂਕਦੇ ਸਮੇਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਆਗੂਆਂ ਕਿਹਾ ਕਿ ਵੱਖ-ਵੱਖ ਖੇਡ ਮੁਕਾਬਲਿਆਂ 'ਚ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਮਹਿਲਾ ਪਹਿਲਵਾਨਾਂ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਸੰਸਦ ਬ੍ਰਿਜ ਭੂਸ਼ਣ ਉੱਪਰ ਸਰੀਰਕ ਸ਼ੋਸ਼ਣ ਜਿਹੇ ਦੋਸ਼ ਲਗਾਏ ਹਨ, ਪਰ ਫੇਰ ਵੀ ਕੇਂਦਰ ਦੀ ਸਰਕਾਰ ਲਗਾਤਾਰ ਆਪਣੇ ਸਾਂਸਦ ਦਾ ਬਚਾਅ ਕਰ ਰਹੀ ਹੈ, ਜਿਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਸਰਕਾਰ ਦਾ "ਬੇਟੀ ਬਚਾਓ, ਬੇਟੀ ਪੜ੍ਹਾਓ" ਦਾ ਨਾਹਰਾ ਸਿਰਫ ਲੋਕ ਦਿਖਾਵਾ ਮਾਤਰ ਹੀ ਹੋ ਕੇ ਰਹਿ ਗਿਆ ਹੈ।

ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਭਾਜਪਾ ਸਾਂਸਦ ਦੀ ਮੈਂਬਰਸ਼ਿਪ ਰੱਦ ਕਰਕੇ ਉਸ ਉੱਪਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸਰੀਰਕ ਸ਼ੋਸ਼ਣ ਜਿਹੇ ਗੰਭੀਰ ਆਰੋਪਾਂ ਦਾ ਸਾਹਮਣਾ ਕਰ ਰਹੇ ਸਾਂਸਦ ਉੱਪਰ ਅਦਾਲਤ ਦੀ ਦਖਲਅੰਦਾਜ਼ੀ ਉਪਰੰਤ ਐੱਫ.ਆਈ.ਆਰ. ਦਰਜ ਹੋਣ ਉਪਰੰਤ ਵੀ ਦਿੱਲੀ ਪੁਲਸ ਲਗਾਤਾਰ ਉਸ ਦਾ ਬਚਾਅ ਕਰ ਰਹੀ ਹੈ ਤੇ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਟਾਲ ਮਟੋਲ ਕੀਤੀ ਜਾ ਰਹੀ ਹੈ।

ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਇਨ੍ਹਾਂ ਦੋਸ਼ੀਆਂ ਦਾ ਬਚਾਅ ਕਰਕੇ ਪੜ੍ਹੇ ਲਿਖੇ ਸਮਾਜ ਸੇਵੀ ਸੰਸਦ ਮੈਂਬਰਾਂ ਦੀ ਬਜਾਏ ਕਿਸਾਨਾਂ ਮਜ਼ਦੂਰਾਂ ਦੇ ਕਾਤਲਾਂ ਤੇ ਬਲਾਤਕਾਰੀ ਸਾਂਸਦਾਂ ਦੀ ਪਾਰਟੀ ਹੋਣ ਦਾ ਸਬੂਤ ਦਿੱਤਾ ਜਾ ਰਿਹਾ ਹੈ। ਉਨ੍ਹਾਂ ਰਾਸ਼ਟਰਪਤੀ ਤੋਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ ਜਲਦ ਤੋਂ ਜਲਦ ਬਣਦੀ ਕਾਰਵਾਈ ਕੀਤੀ ਜਾਵੇ। ਮੋਰਚੇ ਦੇ ਆਗੂ ਨਰਿੰਦਰ ਕੌਰ ਨੇ ਦੱਸਿਆ ਕਿ 28 ਮਈ ਨੂੰ ਐੱਮ.ਪੀ. ਨੂੰ ਚਿਤਾਵਨੀ ਪੱਤਰ ਦਿੱਤਾ ਜਾਵੇਗਾ, ਜਿਸ ਦੀ ਤਿਆਰੀ ਲਈ 24 ਮਈ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਾਂਝੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਸੁਖਵਿੰਦਰ ਸਿੰਘ ਸੱਦੇਵਾਲਾ, ਮਹਿੰਦਰ ਸਿੰਘ ਭੈਣੀਬਾਘਾ, ਪਰਮਜੀਤ ਸਿੰਘ ਗਾਗੋਵਾਲ, ਮਲਕੀਤ ਸਿੰਘ ਗਾਗੋਵਾਲ, ਮਾ. ਛੱਜੂ ਰਾਮ ਰਿਸ਼ੀ, ਮੇਜਰ ਸਿੰਘ ਦੂਲੋਵਾਲ, ਐਡਵੋਕੇਟ ਸਵਰਨਜੀਤ ਦਲਿਓ, ਜਸਵੰਤ ਸਿੰਘ ਬੀਰੋਕੇ, ਗੁਰਜੰਟ ਸਿੰਘ ਮਾਨਸਾ, ਸੁਖਚਰਨ ਦਾਨੇਵਾਲੀਆ, ਪ੍ਰਸ਼ੋਤਮ ਸਿੰਘ ਗਿੱਲ, ਨਿਰਮਲ ਸਿੰਘ ਝੰਡੂਕੇ, ਸੁੱਚਾ ਸਿੰਘ ਹੀਰਕੇ, ਮਲੂਕ ਸਿੰਘ ਹੀਰਕੇ, ਕੁਲਵੰਤ ਸਿੰਘ ਕਿਸ਼ਨਗੜਵ, ਬਲਵਿੰਦਰ ਸ਼ਰਮਾ, ਭਜਨ ਸਿੰਘ ਘੁੰਮਣ, ਸਾਧੂ ਸਿੰਘ ਬੁਰਜ ਢਿੱਲਵਾਂ, ਰੂਪ ਸਿੰਘ ਢਿੱਲੋਂ, ਦਲਜੀਤ ਸਿੰਘ ਮਾਨਸਾਹੀਆ ਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਆਗੂ ਧੰਨਾ ਮੱਲ ਗੋਇਲ ਨੇ ਸੰਬੋਧਨ ਕੀਤਾ।

ਨਗਰ ਪੰਚਾਇਤ ਵੱਲੋਂ 'ਮੇਰੀ ਲਾਈਫ, ਮੇਰਾ ਸਵੱਛ ਸ਼ਹਿਰ' ਡਰਾਈਵ ਦੀ ਸ਼ੁਰੂਆਤ

ਕੋਟ ਈਸੇ ਖਾਂ (ਅਜੈ ਅਰੋੜਾ)-ਨਗਰ ਪੰਚਾਇਤ ਕੋਟ ਈਸੇ ਖਾਂ ਵੱਲੋਂ ਸ਼ਹਿਰ ਵਿੱਚ ਸਫਾਈ ਦੀ ਵਿਸ਼ੇਸ਼ ਮੁਹਿੰਮ 'ਮੇਰੀ ਲਾਈਫ, ਮੇਰਾ ਸਵੱਛ ਸ਼ਹਿਰ' ਡਰਾਈਵ ਦੀ ਸ਼ੁਰੂਆਤ ਕੀਤੀ ਗਈ। ਕਾਰਜ ਸਾਧਕ ਅਫਸਰ ਰਜਿੰਦਰ ਸਿੰਘ ਕਾਲੜਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਧਾਨ, ਨਗਰ ਪੰਚਾਇਤ ਕੋਟ ਈਸੇ ਖਾਂ ਦੀ ਪ੍ਰਧਾਨਗੀ ਹੇਠ ਸ਼੍ਰੀ ਬੀਰਪ੍ਰਤਾਪ ਸਿੰਘ ਗਿੱਲ (ਰਿਟਾ. ਡਿਪਟੀ ਡਾਇਰੈਕਟਰ, ਡੇਅਰੀ ਵਿਭਾਗ) ਬ੍ਰਾਂਡ ਅੰਬੈਸਡਰ, ਸਵੱਛ ਭਾਰਤ ਮਿਸ਼ਨ ਤੇ ਦਵਿੰਦਰ ਸਿੰਘ ਸੈਨੇਟਰੀ ਇੰਸਪੈਕਟਰ ਨਗਰ ਪੰਚਾਇਤ ਦੀ ਹਾਜ਼ਰੀ ਵਿੱਚ ਸਰਕਾਰ ਵੱਲੋਂ 5 ਜੂਨ 2023 ਨੂੰ ਵਿਸ਼ਵ ਵਾਤਾਵਰਨ ਦਿਵਸ ਨੂੰ ਮੁੱਖ ਰੱਖਦੇ ਹੋਏ ਸ਼ਹਿਰ 'ਚ ਵੱਖ ਵੱਖ ਥਾਵਾਂ 'ਤੇ ਆਰ.ਆਰ.ਆਰ. ਸੈਂਟਰ ਬਣਾਏ ਜਾਣ ਵਾਲੀਆਂ ਥਾਵਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਸ਼ਹਿਰ ਦੀਆਂ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਵੀ ਸ਼ਿਰਕਤ ਕੀਤੀ ਗਈ। 20 ਮਈ ਤੋਂ 5 ਜੂਨ ਤੱਕ ਸ਼ਹਿਰ ਵਿੱਚ ਸਫ਼ਾਈ ਦੀ ਵਿਸ਼ੇਸ਼ ਮੁਹਿੰਮ 'ਮਾਈ ਲਾਈਫ਼ ਮਾਈ ਕਲੀਨ ਸਿਟੀ' ਚਲਾਈ ਜਾਵੇਗੀ। ਇਸ ਮੁਹਿੰਮ ਦੌਰਾਨ ਸ਼ਹਿਰ ਦੀਆਂ ਵੱਖ ਵੱਖ ਥਾਵਾਂ 'ਤੇ ਆਰ.ਆਰ.ਆਰ. ਸੈਂਟਰ ਬਣਾਏ ਗਏ ਹਨ, ਜਿਨ੍ਹਾਂ ਦੀ ਸ਼ੁਰੂਆਤ 20 ਮਈ ਨੂੰ ਕੀਤੀ ਜਾਵੇਗੀ। ਇਹ ਕੇਂਦਰ ਸਵੱਛ ਭਾਰਤ ਮਿਸ਼ਨ ਤਹਿਤ ਰੀਡਿਊਸ, ਰੀਯੂਜ਼ ਤੇ ਰੀਸਾਈਕਲ ਦੇ ਸਿਧਾਂਤਾਂ 'ਤੇ ਸਥਾਪਤ ਕੀਤੇ ਜਾਣਗੇ। ਇਨ੍ਹਾਂ ਕੇਂਦਰਾਂ ਵਿੱਚ ਸ਼ਹਿਰ ਦੇ ਵਸਨੀਕ ਆਪਣਾ ਵਰਤਿਆ ਜਾਣ ਵਾਲਾ ਸਾਮਾਨ ਜਿਵੇਂ ਕਿ ਕੱਪੜੇ, ਜੁੱਤੀਆਂ, ਬੈਗ, ਖਿਡੌਣੇ, ਕਿਤਾਬਾਂ ਤੇ ਹੋਰ ਸਟੇਸ਼ਨਰੀ, ਇਲੈਕਟ੍ਰੋਨਿਕਸ ਦਾ ਸਾਮਾਨ ਸਟੋਰ ਕਰ ਸਕਦੇ ਹਨ। ਕੋਈ ਵੀ ਲੋੜਵੰਦ ਵਿਅਕਤੀ ਇਨ੍ਹਾਂ ਵਸਤਾਂ ਨੂੰ ਮੁਫ਼ਤ ਵਿੱਚ ਲੈ ਸਕੇਗਾ ਤੇ ਬਾਕੀ ਵਸਤੂਆਂ ਨੂੰ ਰੀਸਾਈਕਲ ਕੀਤਾ ਜਾਵੇਗਾ। ਸਾਮਾਨ ਜਮ੍ਹਾਂ ਕਰਵਾਉਣ ਵਾਲਿਆਂ ਨੂੰ ਵਾਪਸੀ ਤੋਹਫ਼ੇ ਵਜੋਂ ਮੁਫ਼ਤ ਖਾਦ, ਕੱਪੜੇ ਦੇ ਥੈਲੇ ਤੇ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ। ਸ਼ਿੰਦਰ ਕੌਰ ਪ੍ਰਧਾਨ ਨਗਰ ਪੰਚਾਇਤ/ਪ੍ਰਕਾਸ਼ ਸਿੰਘ ਰਾਜਪੂਤ ਨੇ ਦੱਸਿਆ ਕਿ ਇਹ ਮੁਹਿੰਮ ਸ਼ਹਿਰ ਨੂੰ ਕੂੜਾ ਮੁਕਤ ਬਣਾਉਣ ਲਈ ਮੀਲ ਪੱਥਰ ਸਾਬਿਤ ਹੋਵੇਗੀ। ਉਨ੍ਹਾਂ ਨਾਗਰਿਕਾਂ ਤੇ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਕੇਂਦਰਾਂ 'ਚ ਵੱਧ ਤੋਂ ਵੱਧ ਮੁੜ ਵਰਤੋਂ ਯੋਗ ਸਾਮਾਨ ਜਮ੍ਹਾਂ ਕਰਵਾਉਣ ਤੇ ਪਲਾਸਟਿਕ ਦੇ ਲਿਫਾਫਿਆਂ/ਸਿੰਗਲ ਯੂਜ਼ ਪਲਾਸਟਿਕ ਦੀਆਂ ਵਸਤੂਆਂ ਦੀ ਵਰਤੋਂ ਨਾ ਕਰਨ।

26 ਦੀ ਮੋਗਾ ਰੈਲੀ ਲਈ ਕਿਰਤੀ ਕਿਸਾਨ ਯੂਨੀਅਨ ਔਰਤ ਵਿੰਗ ਵੱਲੋਂ ਲਾਮਬੰਦੀ ਜ਼ੋਰਾਂ 'ਤੇ

ਖੁਖਰਾਣਾ ਵਿਖੇ ਮੋਗਾ ਰੈਲੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਦੀ ਜ਼ਿਲ੍ਹਾ ਕਨਵੀਨਰ ਛਿੰਦਰਪਾਲ ਕੌਰ ਰੋਡੇ ਖੁਰਦ।

ਮੋਗਾ (ਅਮਰਜੀਤ ਬੱਬਰੀ)-ਕਿਰਤੀ ਕਿਸਾਨ ਯੂਨੀਅਨ ਔਰਤ ਵਿੰਗ ਵੱਲੋਂ 26 ਮਈ ਦੀ ਮੋਗਾ ਵਿਖੇ ਹੋਣ ਵਾਲੀ ਸੂਬਾ ਪੱਧਰੀ ਕਿਸਾਨ ਰੈਲੀ ਦੀਆਂ ਤਿਆਰੀਆਂ ਦੇ ਸਬੰਧ ਵਿੱਚ ਪਿੰਡ ਖੁਖਰਾਣਾ ਵਿਖੇ ਜ਼ਿਲ੍ਹਾ ਕਨਵੀਨਰ ਛਿੰਦਰਪਾਲ ਕੌਰ ਰੋਡੇ ਖੁਰਦ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਔਰਤ ਵਿੰਗ ਦੇ ਜ਼ਿਲ੍ਹਾ ਕਨਵੀਨਰ ਛਿੰਦਰਪਾਲ ਕੌਰ ਰੋਡੇ ਨੇ ਕਿਹਾ ਕਿ ਇਹ ਕਿਸਾਨ ਰੈਲੀ ਵਿੱਚ ਜੋ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਕਿਸਾਨਾਂ ਦੇ ਹੱਕਾਂ ਉੱਪਰ ਡਾਕਾ ਮਾਰ ਰਹੀ ਹੈ, ਉਸ ਨੂੰ ਉਜਾਗਰ ਕੀਤਾ ਜਾਵੇਗਾ। ਉਨ੍ਹਾਂ ਸੰਬੋਧਨ ਕਰਦਿਆਂ ਦੱਸਿਆ ਕਿ ਕਿਰਤੀ ਕਿਸਾਨ ਯੂਨੀਅਨ ਪਿਛਲੇ ਲੰਮੇ ਸਮੇਂ ਤੋਂ ਕਿਸਾਨੀ ਮੁੱਦਿਆਂ ਉੱਪਰ ਲਗਾਤਾਰ ਸੰਘਰਸ਼ ਕਰ ਰਹੀ ਹੈ, ਜਿਸ ਵਿੱਚ ਹਰੇ ਇਨਕਲਾਬ ਦੇ ਖੇਤੀ ਮਾਡਲ ਨੂੰ ਬਦਲ ਕੇ ਕਿਸਾਨ ਪੱਖੀ, ਕੁਦਰਤ ਪੱਖੀ, ਹੰਢਣਸਾਰ ਖੇਤੀ ਮਾਡਲ ਲਿਆਂਦਾ ਜਾਵੇ ਤੇ ਖੇਤੀ ਦੀ ਉਸਾਰੀ ਲਈ ਅਤੇ ਖੇਤੀ ਪੈਦਾਵਾਰ ਦੀ ਐੱਮ ਐੱਸ ਪੀ (ਸੀ2+50% ਫਾਰਮੂਲੇ) ਤੇ ਖਰੀਦ ਦਾ ਗਾਰੰਟੀ ਕਾਨੂੰਨ ਬਣਾਉਣ ਲਈ, ਕਿਸਾਨਾਂ ਸਿਰ ਚੜ੍ਹੇ ਕਰਜ਼ੇ ਤੇ ਲੀਕ ਮਾਰੀ ਜਾਵੇ। ਆਬਾਦਕਾਰਾਂ ਨੂੰ ਮਾਲਕੀ ਹੱਕ ਦਿਵਾਉਣ ਲਈ ਸੰਘਰਸ਼ ਕਰਨ ਦੇ ਨਾਲ-ਨਾਲ ਪੰਜਾਬ ਦੇ ਲੋਕਾਂ ਦੀਆਂ ਮੰਗਾਂ ਜਿਨ੍ਹਾਂ ਵਿੱਚ ਸੂਬੇ ਦੇ ਦਰਿਆਈ ਪਾਣੀਆਂ ਦਾ ਰਿਪੇਰੀਅਨ ਸਿਧਾਂਤ ਤਹਿਤ ਸੂਬੇ ਦੇ ਹੱਕ ਦੇਣ ਤੇ ਹਰ ਖੇਤ ਤੱਕ ਨਹਿਰੀ ਪਾਣੀ ਹਰ ਘਰ ਤੱਕ ਪੀਣ ਯੋਗ ਪਾਣੀ ਪਹੁੰਚਦਾ ਕੀਤਾ ਜਾਵੇ, ਭਾਰਤ-ਪਾਕਿਸਤਾਨ ਵਪਾਰ ਲਈ ਵਾਹਗਾ ਤੇ ਹੁਸੈਨੀਵਾਲਾ ਬਾਰਡਰ ਖੋਲ੍ਹੇ ਜਾਣ ਅਤੇ ਕੇਂਦਰ ਸਰਕਾਰ ਵੱਲੋਂ ਲਗਾਤਾਰ ਤਾਕਤਾਂ ਦੇ ਕੇਂਦਰੀਕਰਨ ਤਹਿਤ ਸੂਬਿਆਂ ਦੇ ਵੱਧ ਅਧਿਕਾਰਾਂ 'ਤੇ ਡਾਕੇ ਮਾਰਨਾ ਬੰਦ ਕੀਤੇ ਜਾਣ। ਜੇਕਰ ਇਨ੍ਹਾਂ ਮੰਗਾਂ 'ਤੇ ਸਰਕਾਰ ਆਨਾ-ਕਾਨੀ ਕਰਦੀ ਹੈ ਤਾਂ ਸਰਕਾਰ ਖਿਲਾਫ਼ ਵੱਡੀ ਪੱਧਰ 'ਤੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਿਸਾਨ ਰੈਲੀ ਨੂੰ ਕਾਮਯਾਬ ਬਣਾਉਣ ਲਈ ਪਿੰਡ-ਪਿੰਡ ਲਾਮਬੰਦੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਔਰਤ ਵਿੰਗ ਵੱਲੋਂ 26 ਮਈ ਦੀ ਕਿਸਾਨ ਰੈਲੀ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਜਸਵਿੰਦਰ ਕੌਰ, ਗੁਰਮੇਲ ਕੌਰ, ਚਰਨਜੀਤ ਕੌਰ, ਬਲਜੀਤ ਕੌਰ, ਮੁਖਤਿਆਰ ਕੌਰ, ਸੁਖਦੀਪ ਕੌਰ, ਕੁਲਜੀਤ ਕੌਰ, ਲਖਵੀਰ ਕੌਰ, ਗੁਰਮੇਲ ਕੌਰ, ਜਸਪ੍ਰੀਤ ਕੌਰ, ਕੁਲਵੰਤ ਕੌਰ, ਬਚਨ ਕੌਰ ਤੇ ਜਰਨੈਲ ਕੌਰ ਆਦਿ ਹਾਜ਼ਰ ਸਨ।

ਪਿਸਟਲ ਤੇ ਦੋ ਮੋਬਾਇਲ ਫੋਨ ਸਮੇਤ ਕਾਬੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਇਸਪੈਕਟਰ ਜਸਵੀਰ ਸਿੰਘ ਮੁੱਖ ਅਫਸਰ ਥਾਣਾ ਬਰੀਵਾਲਾ ਵੱਲੋਂ ਇੱਕ ਵਿਅਕਤੀ ਨੂੰ ਇੱਕ ਪਿਸਟਲ 32 ਬੋਰ, 04 ਜ਼ਿੰਦਾ ਰੌਂਦ, 2 ਮੋਬਾਇਲ ਫੋਨ ਤੇ ਚਾਰਜਰ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ।

ਜਾਣਕਾਰੀ ਮੁਤਾਬਿਕ ਏ.ਐੱਸ.ਆਈ. ਗੁਰਮੀਤ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਸ੍ਰੀ ਮੁਕਤਸਰ ਸਾਹਿਬ ਤੋਂ ਚੜ੍ਹੇਵਾਨ ਜਾ ਰਹੇ ਸਨ ਤਾਂ ਇੱਕ ਵਿਅਕਤੀ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ, ਜਿਸ 'ਤੇ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਨਿਰ੍ਹਾ 'ਤੇ ਉਸ ਤੋਂ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਸੁਭਾਸ਼ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਜ਼ੀਰਾ ਦੱਸਿਆ, ਜਿਸ ਦੀ ਤਲਾਸ਼ੀ ਲੈਣ 'ਤੇ ਉਸ ਪਾਸੋਂ 01 ਪਿਸਟਲ 32 ਬੋਰ, 04 ਰੌਂਦ ਜ਼ਿੰਦਾ, 02 ਮੋਬਾਇਲ ਫੋਨ, ਚਾਰਜਰ ਬ੍ਰਾਮਦ ਕੀਤੇ ਮੁਢਲੀ ਪੁਛ ਗਿੱਛ ਤੇ ਸ਼ੁਭਾਸ਼ ਨੇ ਦੱਸਿਆ ਕਿ ਉਸ ਨੇ ਮੋਬਾਇਲ ਫੋਨ, ਚਾਰਜਰ ਕਿਸੇ ਨਾ ਕਿਸੇ ਜੇਲ੍ਹ ਵਿੱਚ ਅੰਦਰ ਬੰਦ ਹਵਾਲਾਤ/ਕੈਦੀਆਂ ਨੂੰ ਸੰਪਰਕ ਕਰਕੇ ਬਾਹਰੋਂ ਜੇਲ੍ਹ ਅੰਦਰ ਸੁੱਟਣੇ ਸਨ, ਜਿਸ ਖਿਲਾਫ ਪੁਲਸ ਵੱਲੋਂ ਮੁਕੱਦਮਾ ਥਾਣਾ ਬਰੀਵਾਲਾ ਵਿਖੇ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਗਈ।

ਕਾਤਰਾਂ

ਸੀਨੀਅਰ ਭਾਜਪਾ ਨੇਤਾ ਸੰਜੀਵ ਮਿੱਤਲ ਨੂੰ ਪਾਰਟੀ ਪ੍ਰਤੀ ਕੀਤੇ ਚੰਗੇ ਕੰਮਾਂ ਨੂੰ ਦੇਖਦੇ ਮੁੜ ਤੋਂ ਪੰਜਾਬ ਭਾਜਪਾ ਕਾਰਜਕਾਰਨੀ ਦਾ ਸਪੈਸ਼ਲ ਮੈਂਬਰ ਬਣਾਇਆ ਗਿਆ।

(ਫੋਟੋ ਤੇ ਵੇਰਵਾ : ਰਮੇਸ਼ ਕਟਾਰੀਆ, ਰਾਜਪੁਰਾ)

ਗੁਲਸ਼ਨ ਖੇੜਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਮਲੋਟ (ਗੁਰਮੀਤ ਸਿੰਘ ਮੱਕੜ)-ਗੁਲਸ਼ਨ ਨਿਊਜ਼ ਏਜੰਸੀ ਦੇ ਸੰਚਾਲਕ ਗੁਲਸ਼ਨ ਖੇੜਾ, ਜੋ ਅੱਜ ਸਵੇਰੇ ਸਵਰਗਵਾਸ ਹੋ ਗਏ, ਦੀ ਮੌਤ 'ਤੇ ਵਪਾਰ ਮੰਡਲ ਦੇ ਮੇਜਰ ਸਿੰਘ ਢਿੱਲੋਂ, ਗਾਰਮੈਂਟਸ ਯੂਨੀਅਨ ਦੇ ਪ੍ਰਧਾਨ ਸੱਤਪਾਲ ਸਿੰਘ ਪਾਲੀ ਮੱਕੜ, ਨਗਰ ਕੌਂਸਲ ਦੇ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ, ਬ੍ਰਹਮ ਪ੍ਰਕਾਸ਼ ਆਰੀਆ, ਸਾਬਕਾ ਨਗਰ ਕੌਂਸਲਰ ਪਿੰਟਾ ਆਹੂਜਾ, ਸਹਾਰਾ ਸੇਵਾ ਦੇ ਬੁਲਾਰੇ ਦੇ ਰਾਕੇਸ਼ ਮੋਹਨ ਮੱਕੜ, ਸੰਦੀਪ ਗੋਇਲ, ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਜੀ.ਓ.ਜੀ. ਦੇ ਸਾਬਕਾ ਇੰਚਾਰਜ ਹਰਪ੍ਰੀਤ ਸਿੰਘ, ਡਿਸਟੀਬਿਊਟਰ ਐਸੋਸੀਏਸ਼ਨ ਦੇ ਸਤੀਸ਼ ਗੋਇਲ, ਗੁਪਤਾ ਇੰਡਸਟਰੀ ਦੇ ਵਿਕਾਸ ਗੁਪਤਾ, ਆਰ.ਟੀ.ਆਈ. ਕਾਰਕੁਨ ਸੰਦੀਪ ਮਲੂਜਾ, ਜੱਜ ਸ਼ਰਮਾ, ਰੋਹਿਤ ਕਾਲੜਾ ਸਮੇਤ ਵੱਖ ਵੱਖ ਸਮਾਜਸੇਵੀ, ਧਾਰਮਿਕ ਤੇ ਵਪਾਰਕ ਜਥੇਬੰਦੀਆਂ ਦੇ ਅਹੁਦੇਦਾਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਖੇੜਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਸਰਕਾਰੀ ਸਕੂਲ 'ਚੋਂ ਸਾਮਾਨ ਚੋਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪਿੰਡ ਸੈਦੇ ਕੇ ਨੌਲ੍ਹ ਦੇ ਸਰਕਾਰੀ ਮਿਡਲ ਸਕੂਲ ਦਾ ਬੀਤੀ ਰਾਤ ਦਰਵਾਜ਼ਾ ਤੋੜ ਕੇ ਚੋਰਾਂ ਵੱਲੋਂ ਕੰਪਿਊਟਰ ਲੈਬ ਵਿੱਚ ਪਏ 5 ਕੰਪਿਊਟਰ, ਪ੍ਰਿੰਟਰ ਤੇ ਇਨਵਰਟਰ ਅਤੇ ਬੈਟਰਾ ਚੋਰੀ ਕਰ ਲਿਆ ਗਿਆ।ਮਾਮਲੇ ਦੀ ਜਾਣਕਾਰੀ ਦਿੰਦਿਆਂ ਸਕੂਲ ਅਧਿਆਪਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਚੋਰੀ ਦੀ ਵਾਰਦਾਤ ਦਾ ਪਤਾ ਸਵੇਰ ਵਕਤ ਸਕੂਲ ਆਉਣ 'ਤੇ ਲੱਗਿਆ, ਜਿਸ ਤੋਂ ਬਾਅਦ ਸਾਡੇ ਵੱਲੋਂ ਵਿਭਾਗ ਦੇ ਉੱਚ ਅਧਿਕਾਰੀਆਂ, ਪਿੰਡ ਦੀ ਪੰਚਾਇਤ ਤੇ ਪੁਲਸ ਥਾਣਾ ਲੱਖੋ ਕੇ ਬਹਿਰਾਮ ਨੂੰ ਸੂਚਿਤ ਕੀਤਾ ਗਿਆ।ਚੋਰੀ ਦੀ ਵਾਰਦਾਤ ਦਾ ਪਤਾ ਲੱਗਣ 'ਤੇ ਥਾਣਾ ਲੱਖੋ ਕੇ ਬਹਿਰਾਮ ਦੇ ਮੁਖੀ ਇੰਸਪੈਕਟਰ ਬਚਨ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ, ਜਿਨ

page-6-20-(MAY)-2023-G-(BV).qxd 5/19/2023 10:02 PM Page 1

ਕਲਾਸੀਫਾਈਡ ਇਸ਼ਤਿਹਾਰ

Court Notice

(Succession Case)

In the Court of Sh. Atul Kamboj Civil Judge (Senior Division), Patiala.

CNR No. PBPT02-001379-2023

Next Date : 17.7.2023

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 17.7.2023 at 10.00 a.m.

For details logon to : https://highcourtchd.gov.in/?trs=district notice& district= Patiala

Civil Judge (Senior Division), Patiala.

Dated, this day of 18.5.2023

Court Notice

In the Court of Ms. Anuradha Addl. Civil Judge (Senior Division) Nabha.

CNR No. PBPTB0-000738-2022

Next Date : 17.7.2023

Amandeep Singh

Versus

General Public

Application U/S 372 of the Indian Succession Act

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 17.7.2023 at 10.00 a.m.

For details logon to : https://highcourtchd.gov.in/?trs=district notice& district= Patiala

Civil Judge (Senior Division) Nabha.

Dated, this day of 17.5.2023

ਪਬਲਿਕ ਨੋਟਿਸ

ਸਬਜ਼ੀ ਬੂਥ ਨੰ. 25, ਮੰਡੀ ਵੱਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਪਲਾਟ ਦੀ ਮਲਕੀਅਤ ਸ੍ਰੀ ਗੁਰਭੇਜ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਦੇ ਨਾਂਅ 'ਤੇ ਹੈ। ਇਸ ਦਫਤਰ ਵਿੱਚ ਸ੍ਰੀ ਵਰਿੰਦਰ ਸਿੰਘ ਪੁੱਤਰ ਸ੍ਰੀ ਗੁਰਭੇਜ ਸਿੰਘ, ਵਾਸੀ ਮਕਾਨ ਨੰ. 33 ਏ, ਕਸ਼ਮੀਰ ਐਵੀਨਿਊ, ਅੰਮ੍ਰਿਤਸਰ ਵੱਲੋਂ ਇਸ ਪਲਾਟ ਦੀ ਮਲਕੀਅਤ ਸ੍ਰੀ ਗੁਰਭੇਜ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਦੀ ਮੌਤ ਹੋਣ ਉਪਰੰਤ ਉਨ੍ਹਾਂ ਵੱਲੋਂ ਮਿਤੀ 2.11.2005 ਨੂੰ ਆਪਣੇ ਪੁੱਤਰ ਸ੍ਰੀ ਵਰਿੰਦਰ ਸਿੰਘ ਪੁੱਤਰ ਸ੍ਰੀ ਗੁਰਭੇਜ ਸਿੰਘ ਦੇ ਹੱਕ ਵਿੱਚ ਕੀਤੀ ਗਈ। ਖਾਨਗੀ ਵਸੀਅਤ ਮੁਤਾਬਕ ਅਤੇ ਤਹਿਸੀਲਦਾਰ (ਮਾਲ) ਅੰਮ੍ਰਿਤਸਰ ਵੱਲੋਂ ਮਿਤੀ 24.08.2022 ਨੂੰ ਤਸਦੀਕ ਕੀਤੀ ਵਰਾਸਾਂ ਦੀ ਰਿਪੋਰਟ ਅਨੁਸਾਰ ਪਲਾਟ ਦੀ ਮਲਕੀਅਤ ਉਨ੍ਹਾਂ ਦੇ ਨਾਂਅ 'ਤੇ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਅਧਾਰ 'ਤੇ ਸਬਜ਼ੀ ਬੂਥ ਨੰ. 25 ਮੰਡੀ ਵੱਲਾ, ਜ਼ਿਲ੍ਹਾ ਅੰਮ੍ਰਿਤਸਰ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ, ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛੱਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਈਮੇਲ : dir.colon@punjab.gov.in ਜਾਂ ਹੇਠ ਲਿਖੇ ਐਡਰੈਸ 'ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ 'ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/-ਐਡਮਨਿਸਟਰੇਟਰ ਨਿਊ ਟਾਊਨਸ਼ਿਪਸ, ਪੰਜਾਬ

ਪੰਜਾਬ ਮੰਡੀ ਭਵਨ, ਸੈਕਟਰ-65 ਏ, ਮੁਹਾਲੀ

SBFC

SBFC Finance Limited

Address: Unit No. 103, First Floor C&B Square, Sangam Complex, 127, Andheri-Kurla Road, Village Chakala, Andheri (East), Mumbai 400059 | Telephone: +91 22 67875300 | Fax: +91 22 67875334 | www.sbfc.com | Corporate Identity Number: U67190MH2008PTC178270

ਜਨਤਕ ਨੋਟਿਸ

ਜਨਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਐੱਸ ਬੀ ਐੱਫ ਸੀ ਫਾਇਨਾਂਸ ਪ੍ਰਾਈ: ਲਿਮ: ਵੱਲੋਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ 22 ਦਸੰਬਰ 2021 ਨੂੰ ਚੰਡੀਗੜ੍ਹ ਜ਼ਿਲ੍ਹਾ ਸ਼ੋਅਰੂਮ ਨੰ: 362, ਪਹਿਲੀ ਮੰਜ਼ਲ, ਕੋਆਪਰੇਟਿਵ ਬੈਂਕ ਦੇ ਉੱਪਰ, ਸੈਕਟਰ 44 ਡੀ-ਚੰਡੀਗੜ੍ਹ, ਲੁਧਿਆਣਾ ਜ਼ਿਲ੍ਹਾ : ਐੱਸ ਸੀ ਓ 19, ਪਹਿਲੀ ਮੰਜ਼ਲ, ਮਾਸਟਰ ਟਰੱਸਟ ਬਿਲਡਿੰਗ, ਯੂ ਪੀ ਮਨੀ ਦੇ ਉੱਪਰ ਫਿਰੰਜ਼ ਗਾਂਧੀ ਮਾਰਕਿਟ, ਲੁਧਿਆਣਾ-141001, ਪਟਿਆਲਾ ਜ਼ਿਲ੍ਹਾ, ਐੱਸ ਸੀ ਓ 99, ਸਾਹਮਣੇ ਪੰਜਾਬ ਨੈਸ਼ਨਲ ਬੈਂਕ, ਨਿਊ ਲੀਲਾ ਭਵਨ, ਪਟਿਆਲਾ-147001 ਵਿਖੇ ਕੀਤੀ ਜਾਵੇਗੀ।

ਨਿਲਾਮੀ ਕੀਤੇ ਜਾਣ ਵਾਲੇ ਸੋਨੇ ਦੇ ਗਹਿਣੇ ਸਾਡੇ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਨੋਟਿਸ ਇਹਨਾਂ ਕਰਜ਼ਦਾਰਾਂ ਨੂੰ ਬਕਾਇਦਾ ਜਾਰੀ ਕੀਤੇ ਜਾ ਚੁੱਕੇ ਹਨ।

ਨਿਲਾਮੀ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਤੇਹਰਾਂ ਦਰਸਾਏ ਸਾਡੇ ਬਹੁਤ ਸਾਰੇ ਗਾਹਕਾਂ ਦੇ ਖਾਤੇ ਕਸਟਮਰ ਆਈ ਡੀ ਨਾਲ ਲਿੰਕਡ ਸ਼ਾਖਾ ਵੇਰਵਿਆਂ ਦੇ ਨਾਲ ਹਨ।

ਚੰਡੀਗੜ੍ਹ : AP00091797,AP00203025, AP00328376,AP00358592,AP00471769, AP00476546,AP00487077 ਲੁਧਿਆਣਾ : AP00183190,AP00207303,AP00301937, AP00304470,AP00362746,AP00390655, AP00493805 ਪੰਚਕੂਲਾ : AP00027978, AP00028535,AP00051559,AP00054960, AP00076367,AP00095367,AP00156154, AP00167331,AP00180723,AP00187353, AP00191881,AP00319948,AP00326945, AP00347709,AP00357951,AP00469452 ਪਟਿਆਲਾ : AP00166822,AP00312066, AP00320545,AP00441019,AP00456979, AP00494636

ਹੋਰ ਵੇਰਵਿਆਂ ਲਈ ਕਿਰਪਾ ਕਰਕੇ ਸੰਪਰਕ ਕਰੋ। ਐੱਸ ਬੀ ਐੱਫ ਸੀ ਫਾਇਨਾਂਸ ਲਿਮਟਿਡ

ਸੰਪਰਕ ਨੰ: 1800-102-8012

ਚੰਡੀਗੜ੍ਹ : 0172-4640026/4640025

(ਐੱਸ ਬੀ ਐੱਫ ਸੀ ਫਾਇਨਾਂਸ ਪ੍ਰਾਈ. ਲਿਮ. ਨੂੰ ਬਿਨਾਂ ਕੋਈ ਅਗਾਊਂ ਨੋਟਿਸ ਦਿੱਤਿਆਂ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ ਤਬਦੀਲ ਕਰਨ ਅਤੇ ਨਿਲਾਮੀ ਮੁਲਤਵੀ/ਰੱਦ ਕਰਨ ਦਾ ਅਧਿਕਾਰ ਹੈ।)

ਪਬਲਿਕ ਨੋਟਿਸ

ਮੈਂ, ਅੰਮ੍ਰਿਤਪਾਲ ਸਿੰਘ ਪੁੱਤਰ ਕੁਲਤਾਰ ਸਿੰਘ ਵਾਸੀ 245-ਏ, ਮੁਹੱਲਾ ਕਟੇਹਰਾ, ਬਸਤੀ ਬਾਵਾ ਖੇਲ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਰੁਪਿੰਦਰ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲ ਆਪਣੇ ਸਾਰੇ ਸੰਬੰਧ ਤੋੜਦਾ ਹਾਂ। ਇਸ ਦੇ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਮੇਰੀ ਜਾਂ ਮੇਰੇ ਬਾਕੀ ਪਰਿਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ, ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਤਨ ਪਾਲ ਪੁੱਤਰ ਮੰਗਾ ਰਾਮ ਵਾਸੀ 112, ਬੰਦਾ ਬਹਾਦੁਰ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਭਤੀਜਾ ਪਾਰਸ ਪੁੱਤਰ ਲੇਟ ਕੁਲਵੰਤ ਰਾਏ, ਲੇਟ ਪਰਵੀਨ ਕੁਮਾਰੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲ ਆਪਣੇ ਸਾਰੇ ਸੰਬੰਧ ਤੋੜਦਾ ਹਾਂ। ਇਸ ਦੇ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਮੇਰੀ ਜਾਂ ਮੇਰੇ ਬਾਕੀ ਪਰਿਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ, ਉਹ ਖੁਦ ਜ਼ਿੰਮੇਵਾਰ ਹੋਵੇਗਾ।

Court Notice

(Succession Case)

In the Court of Sh. Amit Malhan Civil Judge (Senior Division), Amritsar.

CNR No. PBAS02-005345-2022

Next Date : 17.7.2023

Asha Bhatia

Versus

General Public

Application U/S 372 of the Indian Succession Act

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 17.7.2023 at 10.00 a.m.

For details logon to : https://highcourtchd.gov.in/?trs=district notice& district= Amritsar

Civil Judge (Senior Division), Amritsar.

Dated, this day of 18.5.2023

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਮਨੋਜਰ ਲਾਲ ਤਹਿਸੀਲਦਾਰ (ਕਮ-ਸਬ-ਰਜਿਸਟਰਾਰ), ਕਪੂਰਥਲਾ

ਵਿਸ਼ਾ : ਅਣ-ਰਜਿਸਟਰਡ ਵਸੀਅਤ ਨੂੰ ਰਜਿਸਟਰਡ ਕਰਨ ਸੰਬੰਧੀ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਗੈਰ-ਮੁਸਤਰਕਾ ਵਸੀਅਤ ਮਿਤੀ 10-02-2022 ਨੂੰ ਵੱਲੋਂ ਦਾਰਾ ਸਿੰਘ ਪੁੱਤਰ ਚੇਤ ਸਿੰਘ ਪੁੱਤਰ ਵਧਾਵਾ ਸਿੰਘ ਵਾਸੀ ਨੂਰਪੁਰ ਖੀਰਾਂਵਾਲੀ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਬਾਹੱਕ ਆਪਣੇ ਛੋਟੇ ਭਰਾ ਸਮਿੱਤਰ ਸਿੰਘ ਦੇ ਹੱਕ ਵਿੱਚ ਕੀਤੀ ਹੈ। ਦਾਰਾ ਸਿੰਘ ਦੀ ਮੌਤ ਮਿਤੀ 20.02.2023 ਨੂੰ ਹੋ ਚੁੱਕੀ ਹੈ।

ਇਹ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ 1908 ਦੀ ਧਾਰਾ ਜ਼ੇਰੇ ਦਫਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ। ਇਹ ਵਸੀਅਤ ਰਜਿਸਟਰਡ ਕਰਨ ਵਿੱਚ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਅਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਇਸ ਇਸ਼ਤਿਹਾਰ ਦੇ ਜਾਰੀ ਹੋਣ ਤੋਂ 21 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਹਸਬ ਜ਼ਾਬਤਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਮਿਤੀ 16/5/23 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਸਬ-ਰਜਿਸਟਰਾਰ, ਕਪੂਰਥਲਾ

ਪਬਲਿਕ ਨੋਟਿਸ

ਦਫਤਰ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਮਾਹਿਲਪੁਰ।

ਸ੍ਰੀ ਅਜੀਤ ਸਿੰਘ ਪਰਮਾਰ ਪੁੱਤਰ ਰੱਖਾ ਸਿੰਘ ਵਾਸੀ ਟੋਡਰਪੁਰ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਇੱਕ ਦਰਖਾਸਤ ਇਸ ਦਫਤਰ ਵਿੱਚ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਵਾਕਿਆ ਰਕਬਾ ਪਿੰਡ ਟੋਡਰਪੁਰ ਤਹਿਸੀਲ ਗੜ੍ਹਸ਼ੰਕਰ, ਸਬ ਤਹਿਸੀਲ-ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਉਹ ਖੁਦ ਮਾਲਕ ਕਾਬਜ਼ ਹੈ। ਮਾਲ ਰਿਕਾਰਡ ਵਿੱਚ ਉਸ ਦਾ ਨਾਂਅ ਸੁਰਜੀਤ ਸਿੰਘ ਪੁੱਤਰ ਰੱਖਾ ਸਿੰਘ ਦਰਜ ਹੈ ਅਤੇ ਜਦ ਕਿ ਉਸ ਦਾ ਅਸਲ ਨਾਂਅ ਅਜੀਤ ਸਿੰਘ ਪਰਮਾਰ ਪੁੱਤਰ ਰੱਖਾ ਸਿੰਘ ਹੈ। ਪ੍ਰਾਰਥੀ ਵੱਲੋਂ ਸਬੂਤ ਵਜੋਂ ਆਧਾਰ ਕਾਰਡ ਦੀ ਕਾਪੀ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਦੇ ਬਿਆਨ ਦਰਖਾਸਤ ਨਾਲ ਪੇਸ਼ ਕੀਤੇ ਹਨ।

ਦਰਖਾਸਤ ਕਰਤਾ ਦੀ ਦਰਖਾਸਤ ਨੂੰ ਵਾਚਿਆ ਗਿਆ। ਪੰਜਾਬ ਸਰਕਾਰ, ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੋਂ ਮਾਲੀਆ ਸ਼ਾਖਾ), ਚੰਡੀਗੜ੍ਹ ਵੱਲੋਂ ਮੀਮੋ ਨੰਬਰ 25/78/2012 ਭ.ਮ-2/12445-71 ਚੰਡੀਗੜ੍ਹ ਮਿਤੀ 26.7.2013 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ ਮਾਲ ਰਿਕਾਰਡ ਵਿੱਚ ਦਰਜ ਆਪਣੇ ਜਾਂ ਆਪਣੇ ਪਿਤਾ ਦੇ ਨਾਂਅ ਦੀ ਤਬਦੀਲੀ ਉਸ ਸੂਰਤ ਵਿੱਚ ਕਰਵਾਈ ਜਾ ਸਕਦੀ ਹੈ। ਅਗਰ ਉਸ ਨੇ/ਉਸ ਦੇ ਪਿਤਾ ਨੇ ਉਸ ਦੀ ਪੰਜਾਬ ਵਿੱਚ ਸਥਿਤ ਜ਼ਮੀਨ ਵਾਲੇ ਏਰੀਏ ਵਿੱਚ ਸਰਕੂਲੇਟ ਹੋ ਰਹੇ 2 ਅਖਬਾਰਾਂ ਜਿਨ੍ਹਾਂ ਵਿੱਚੋਂ ਇੱਕ ਅਖਬਾਰ ਘੱਟੋ-ਘੱਟ ਪੰਜਾਬੀ ਭਾਸ਼ਾ ਦਾ ਹੋਵੇ ਅਤੇ ਆਪਣੇ ਨਾਂਅ ਦੀ ਤਬਦੀਲੀ ਸੰਬੰਧੀ ਨੋਟਿਸ ਦਿੱਤਾ ਹੋਵੇ।

ਇਸ ਲਈ ਉਕਤ ਹਦਾਇਤਾਂ ਦੇ ਮੱਦੇਨਜ਼ਰ ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਾਕਿਆ ਪਿੰਡ ਟੋਡਰਪੁਰ, ਅਜਨੋਹਾ ਵਿੱਚ ਪ੍ਰਾਰਥੀ ਦੇ ਨਾਂਅ ਦੀ ਦਰੁੱਸਤੀ ਸੁਰਜੀਤ ਸਿੰਘ ਪੁੱਤਰ ਰੱਖਾ ਸਿੰਘ ਤੋਂ ਅਜੀਤ ਸਿੰਘ ਪੁੱਤਰ ਰੱਖਾ ਸਿੰਘ ਦਰਜ ਹੋਣ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛੱਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਆਪਣਾ ਪੱਖ/ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਕਿਸੇ ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਪ੍ਰਾਰਥੀ ਦਾ ਨਾਂਅ ਮਾਲ ਰਿਕਾਰਡ ਵਿੱਚ ਦਰੁੱਸਤ ਕਰ ਦਿੱਤਾ ਜਾਵੇਗਾ।

ਨਾਇਬ ਤਹਿਸੀਲਦਾਰ, ਮਾਹਿਲਪੁਰ

ਨੰ: 993/ਰੀਡਰ/ਮਿਤੀ : 17.5.2023

Fullerton India — **Fullerton India Credit Company Limited**

ਕਾਰਪੋਰੇਟ ਦਫਤਰ : ਸੁਪਰੀਮ ਬਿਜਨਸ ਪਾਰਕ, ਮੰਜ਼ਲਾਂ 5 ਅਤੇ 6, ਬੀ ਵਿੰਗ, ਪੋਵਾਈ, ਮੁੰਬਈ-400076

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

(ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (1) ਤਹਿਤ)

ਜਦੋਂ ਕਿ ਨਿਮਨਹਸਤਾਖਰੀ ਨੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ, ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰਬਰ 165, ਪੂਨਾਮਾਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ ਮੰਜ਼ਲ 5 ਅਤੇ 6, ਬੀ ਵਿੰਗ, ਸੁਪਰੀਮ ਆਈ ਟੀ ਪਾਰਕ, ਸੁਪਰੀਮ ਸਿਟੀ, ਲੇਕ ਕੈਸਲ ਦੇ ਪਿੱਛੇ, ਪੋਵਾਈ, ਮੁੰਬਈ 400076 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54), ਤਹਿਤ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਕਰਜ਼ਦਾਰਾਂ (1) ਰਾਮ ਕੁਮਾਰ ਭਾਟੀਆ (2) ਜਾਨਕੀ ਦੇਵੀ (3) ਅਜੈ ਕੁਮਾਰ ਭਾਟੀਆ ਨੂੰ ਕਰਜ਼ਾ ਖਾਤਾ ਨੰ: 197621310665598 ਤਹਿਤ ਨੋਟਿਸ 'ਚ ਦਰਸਾਈ ਰਕਮ 34,23,339/- (ਰੁਪਏ ਚੌਂਤੀ ਲੱਖ, ਤੇਈਸ ਹਜ਼ਾਰ ਤਿੰਨ ਸੌ ਉਨਤਾਲੀ ਕੇਵਲ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕੀਤੇ ਜਾਣ ਲਈ ਡਿਮਾਂਡ ਨੋਟਿਸ 9.12.2021 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 18 ਮਈ 2023 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਸ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਨੂੰ ਰੁਪਏ 34,23,339/- (ਰੁਪਏ ਚੌਂਤੀ ਲੱਖ, ਤੇਈਸ ਹਜ਼ਾਰ ਤਿੰਨ ਸੌ ਉਨਤਾਲੀ ਕੇਵਲ) ਅਤੇ ਇਸ ਉਪਰ ਵਿਆਜ ਦੀ ਅਦਾਇਗੀਯੋਗ ਹੋਵੇਗੀ।

ਕਰਜ਼ਦਾਰਾਂ ਦਾ ਧਿਆਨ ਉਪਲੱਬਧ ਸਮੇਂ ਅੰਦਰ ਸਕਿਉਰਡ ਐੱਸਟਸ ਦੇ ਪੁਨਰ-ਗ੍ਰਹਿਣ ਲਈ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ : ਅਚੱਲ ਜਾਇਦਾਦ ਮਕਾਨ ਨੰ: 1341/2-ਏ, ਵਾਕਿਆ ਤਰਫ ਗਹਿਲੇਵਾਲ, ਹੱਦਬਸਤ ਨੰ: 166, ਅਬਾਦੀ ਇੰਦਰਾ ਕਾਲੋਨੀ, ਤਹਿ: ਅਤੇ ਜ਼ਿਲ੍ਹਾ ਲੁਧਿਆਣਾ ਖਸਰਾ ਨੰ: 502/364/2, ਖਾਤਾ ਨੰ: 647/705, ਜਮ੍ਹਾਂਬੰਦੀ ਸਾਲ 2008-2009 ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗਲੀ 20 ਫੁੱਟ ਚੌੜੀ-20'-05", ਪੱਛਮ : ਗੁਆਂਢੀ-20'-05", ਉੱਤਰ : ਗੁਆਂਢੀ 45'-06", ਦੱਖਣ : ਗੁਆਂਢੀ 45'-06"

ਸਥਾਨ : ਲੁਧਿਆਣਾ

ਮਿਤੀ : 20.05.2023

ਸਹੀ/-ਅਧਿਕਾਰਤ ਅਫਸਰ

ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ

Public Notice

I, Mona W/o Sukh Ram R/o Alipur PO. Mithapur, Distt. Jalandhar, Punjab declare that my son Karan is out of my control. So I disinherit him from all my moveable and Immoveable properties. The person transacting with him himself will be responsible. I and my family will not have any responsibility. All concerned please note.

I, Anil kumar S/o Ram Chander R/o H.No. 507, Pana Bhika Toola, B

20-MAY-PAGE-7.qxd 5/19/2023 9:47 PM Page 1

ਸੰਯੁਕਤ ਕਿਸਾਨ ਮੋਰਚੇ ਨੇ ਸ਼੍ਰੋਮਣੀ ਕਮੇਟੀ ਮੈਂਬਰ ਦਾ ਪੁਤਲਾ ਫੂਕਿਆ

ਸੰਗਰੂਰ (ਪ੍ਰਵੀਨ ਸਿੰਘ)

ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਮਸਤੂਆਣਾ ਸਾਹਿਬ ਵਿਖੇ ਮੈਡੀਕਲ ਕਾਲਜ ਤੇ ਹਸਪਤਾਲ ਬਣਵਾਉਣ ਲਈ ਚੱਲ ਰਹੇ ਸੰਘਰਸ਼ ਦੀ ਮੌਜੂਦਾ ਸਥਿਤੀ ਤੇ ਅਗਲੇ ਐਕਸ਼ਨਾਂ ਦੀ ਵਿਉਂਤਬੰਦੀ ਲਈ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਕਰਮਜੀਤ ਸਿੰਘ ਛੰਨਾਂ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਅੰਗੀਠਾ ਸਾਹਿਬ ਮਸਤੂਆਣਾ ਵਿਖੇ ਇੱਕ ਭਰਵੀਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਗਤਾਰ ਸਿੰਘ ਦੁੱਗਾਂ, ਰਣਧੀਰ ਸਿੰਘ ਭੱਟੀਵਾਲ, ਸਾਹਿਬ ਸਿੰਘ ਬਡਬਰ, ਕਰਮਜੀਤ ਸਿੰਘ ਗੰਡੇਵਾਲ, ਮਾਸਟਰ ਜਸਵੰਤ ਸਿੰਘ ਦੁੱਗਾਂ, ਬੰਤ ਸਿੰਘ ਚੰਗਾਲ, ਰਾਜਿੰਦਰ ਸਿੰਘ ਲਿੱਦੜਾਂ ਤੇ ਨਛੱਤਰ ਸਿੰਘ ਬਡਰੁੱਖਾਂ ਨੇ ਦੱਸਿਆ ਕਿ ਚੱਲ ਰਹੇ ਸੰਘਰਸ਼ ਦੀ ਕੜੀ ਵਜੋਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੂਟਾ ਸਿੰਘ ਦਾ ਪੁਤਲਾ ਫੂਕਣ ਦਾ ਪ੍ਰੋਗਰਾਮ ਸੀ।

ਜਦੋਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਸੈਂਕੜੇ ਲੋਕ ਪਿੰਡ ਕੁੱਬੇ ਦੀ ਦਾਣਾ ਮੰਡੀ 'ਚ ਇਕੱਤਰ ਹੋਏ ਤਾਂ ਸ਼੍ਰੋਮਣੀ ਕਮੇਟੀ ਮੈਂਬਰ ਬੂਟਾ ਸਿੰਘ ਉੱਥੇ ਆ ਗਿਆ ਤੇ ਕਿਸਾਨ ਤੇ ਲੋਕ ਆਗੂਆਂ ਨਾਲ ਬਹਿਸਬਾਜ਼ੀ ਕਰਕੇ ਮਾਹੌਲ ਖਰਾਬ ਕਰਨ ਲੱਗਾ, ਪਰ ਜਦੋਂ ਉਸ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਦੇ ਬਾਵਜੂਦ ਲੋਕ ਭੜਕਾਹਟ ਵਿੱਚ ਨਾ ਆਏ ਤਾਂ ਉਸ ਨੇ ਆਪਣੇ ਗੁਰਦਵਾਰੇ ਦੇ ਸਪੀਕਰ ਤੋਂ ਕਿਸਾਨ ਜਥੇਬੰਦੀਆਂ ਦੇ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ ਤੇ ਫਿਰ ਆਪਣੇ ਪਰਿਵਾਰਕ ਮੈਂਬਰਾਂ ਅਤੇ ਕੁੱਝ ਹੋਰ ਸਮਰਥਕਾਂ ਨੂੰ, ਸੰਘਰਸ਼ਸ਼ੀਲ ਲੋਕਾਂ ਨਾਲ ਝਗੜਾ ਕਰਨ ਲਈ ਭੇਜਿਆ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਸ਼੍ਰੋਮਣੀ ਕਮੇਟੀ ਮੈਂਬਰ ਬੂਟਾ ਸਿੰਘ ਕੁੱਬੇ ਦੀਆਂ ਇਨ੍ਹਾਂ ਭੜਕਾਊ ਹਰਕਤਾਂ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਕਿਸਾਨ ਤੇ ਲੋਕ ਆਗੂਆਂ ਵੱਲੋਂ ਵਰਤੇ ਠਰੰਮੇ ਸਦਕਾ ਟਕਰਾਅ ਟਲ ਗਿਆ ਤੇ ਉੱਥੇ ਬੂਟਾ ਸਿੰਘ ਦਾ ਪੁਤਲਾ ਫੂਕਣ ਤੇ ਉਸ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਨ ਤੋਂ ਬਾਅਦ ਸਭ ਸੰਘਰਸ਼ਸ਼ੀਲ ਲੋਕ ਆਪਣੇ ਘਰਾਂ ਨੂੰ ਵਾਪਸ ਪਰਤ ਗਏ। ਮੀਟਿੰਗ ਵਿੱਚ ਹਾਜ਼ਰ ਸਭ ਆਗੂਆਂ ਤੇ ਵਰਕਰਾਂ ਨੇ ਅਗਲੇ ਐਕਸ਼ਨਾਂ ਲਈ ਹੋਰ ਵੀ ਵੱਡੀ ਗਿਣਤੀ 'ਚ ਲੋਕਾਂ ਨੂੰ ਲਾਮਬੰਦ ਕਰਨ ਦੀ ਠੋਸ ਵਿਉਂਤਬੰਦੀ ਕੀਤੀ।

ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਬ੍ਰਿਜ ਭੂਸ਼ਨ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ

ਮਾਨਸਾ (ਆਤਮਾ ਸਿੰਘ ਪਮਾਰ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਮਾਖਾ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਜਨਰਲ ਸਕੱਤਰ ਗੁਰਦਾਸ ਸਿੰਘ ਰਾਏਪੁਰ, ਸੀਨੀ. ਮੀਤ ਪ੍ਰਧਾਨ ਬਲਵਿੰਦਰ ਸਿੰਘ ਉੱਲਕ ਤੇ ਮੀਤ ਪ੍ਰਧਾਨ ਗੁਰਪ੍ਰੀਤ ਦਲੇਲਵਾਲਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਸਮੂਹ ਅਧਿਆਪਕ ਵਰਗ ਤੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਲੱਖਾਂ ਹੀ ਬੱਚਿਆਂ ਨੂੰ ਦਰਪੇਸ਼ ਅਨੇਕਾਂ ਮੁਸ਼ਕਲਾਂ 'ਤੇ ਆਗੂਆਂ ਵੱਲੋਂ ਗੰਭੀਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਜਥੇਬੰਦੀ ਦੇ ਵਿੱਤ ਸਕੱਤਰ ਸਤੀਸ਼ ਕੁਮਾਰ ਤੇ ਮੀਤ ਪ੍ਰਧਾਨ ਲਖਵਿੰਦਰ ਸਿੰਘ ਮਾਨ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਮੁੱਦਿਆਂ 'ਤੇ ਕੋਈ ਨਿਸਚਤ ਸਮੇਂ 'ਚ ਠੋਸ ਕਾਰਵਾਈ ਨਾ ਕੀਤੀ ਤਾਂ ਜਥੇਬੰਦੀ ਵੱਲੋਂ ਜਲਦ ਹੀ ਸਾਂਝੇ ਅਧਿਆਪਕ ਮੋਰਚੇ ਦੇ ਬੈਨਰ ਹੇਠ ਸੰਘਰਸ਼ ਉਲੀਕਿਆ ਜਾਵੇਗਾ, ਜਿਸ ਦੀ ਨਿਰੋਲ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਆਗੂ ਦਰਸ਼ਨ ਜਟਾਣਾ ਤੇ ਗੁਰਵਿੰਦਰ ਮਾਖਾ ਨੇ ਕਿਹਾ ਕਿ ਭਵਿੱਖ ਵਿੱਚ ਅਧਿਆਪਕ ਵਰਗ ਦੀ ਲਾਮਬੰਦੀ ਕਰਕੇ ਮੈਂਬਰਸ਼ਿਪ ਕੀਤੀ ਜਾਵੇਗੀ ਤੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਠੋਸ ਸੰਘਰਸ਼ ਕੀਤਾ ਜਾਵੇਗਾ। ਆਗੂ ਬਚਿੱਤਰ ਜਟਾਣਾ ਤੇ ਹਰਦੀਪ ਸਿੰਘ ਰੋੜੀ ਨੇ ਕਿਹਾ ਕਿ ਦਿੱਲੀ ਜੰਤਰ ਮੰਤਰ ਵਿਖੇ ਸੰਘਰਸ਼ ਕਰ ਰਹੀਆਂ ਪਹਿਲਵਾਨ ਲੜਕੀਆਂ ਨੂੰ ਇਨਸਾਫ ਦਿੱਤਾ ਜਾਵੇ ਤੇ ਦੋਸ਼ੀ ਬ੍ਰਿਜ ਭੂਸ਼ਨ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ।

ਇਸ ਮੌਕੇ ਸਹਿਦੇਵ ਸਿੰਘ, ਪ੍ਰਭੂ ਰਾਮ, ਸੁਖਵਿੰਦਰ ਮਾਖਾ, ਸੁਖਦੀਪ ਗਿੱਲ, ਸੁਖਜਿੰਦਰ ਅਗਰੋਈਆ, ਸਵਰਨ ਸਿੰਘ ਸਿੱਧੂ, ਮਨਪ੍ਰੀਤ ਸਿੰਘ ਖੈਰਾ ਕਲਾਂ, ਬੂਟਾ ਸਿੰਘ ਤੱਗੜ, ਰਾਵਿੰਦਰ ਕਾਂਸਲ, ਇਕਬਾਲ ਸਿੰਘ, ਕਿਰਤਪਾਲ ਸਿੰਘ, ਧਰਮਿੰਦਰ ਸਿੰਘ, ਸੰਦੀਪ ਸਿੰਘ ਰੰਧਾਵਾ, ਸੁਖਵਿੰਦਰ ਸਿੰਘ ਮਾਨਸਾ, ਨਿਰਮਲ ਸਿੰਘ ਆਦਿ ਹਾਜ਼ਰ ਸਨ।

ਤੂਫਾਨ ਕਰਕੇ ਸਰਹਿੰਦ 'ਚ ਲੱਗੇ ਮੇਲੇ ਦਾ ਪੰਡਾਲ ਤਬਾਹ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਮਨੋਰੰਜਨ ਲਈ ਸਰਹਿੰਦ ਵਿਖੇ ਲੱਗੇ ਮੇਲੇ 'ਚ ਘੁੰਮਣ ਆਉਂਦੇ ਬੱਚਿਆਂ ਤੇ ਪਰਵਾਰਾਂ ਨਾਲ ਇੱਕ ਵੱਡਾ ਦੁਖਾਂਤ ਵਾਪਰਨ ਤੋਂ ਉਦੋਂ ਟਲ ਗਿਆ, ਜਦੋਂ ਬੀਤੀ ਰਾਤ ਆਈ ਹਨੇਰੀ ਨਾਲ ਮੇਲੇ 'ਚ ਲੱਗੇ ਝੂਲੇ ਅਤੇ ਹੋਰ ਸਾਜ਼ੋ ਸਮਾਨ ਤੇਜ਼ ਹਵਾ ਨਾਲ ਹੀ ਡਿੱਗ ਗਿਆ, ਜਿਸ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਤੇ ਨੇੜਲੇ ਇਲਾਕੇ ਦੀ ਬਿਜਲੀ ਸਪਲਾਈ ਠੱਪ ਹੋ ਗਈ। ਸਵੇਰੇ ਜਦੋਂ ਪੱਤਰਕਾਰ ਮੇਲੇ ਵਾਲੀ ਜਗ੍ਹਾ 'ਤੇ ਪਹੁੰਚੇ ਤਾਂ ਦ੍ਰਿਸ਼ ਬੇਹੱਦ ਹੈਰਾਨ ਕਰਨ ਵਾਲਾ ਸੀ, ਜਿੱਥੇ ਇੰਡੀਆ ਗੇਟ ਵਾਂਗ ਦਿਖਾਈ ਦੇਣ ਵਾਲਾ ਮੇਲੇ ਦਾ ਵੱਡਾ ਸਾਰਾ ਪ੍ਰਵੇਸ਼ ਦੁਆਰ ਅਤੇ ਝੂਲਿਆਂ ਦਾ ਸਮਾਨ ਖਿੱਲਰਿਆ ਪਿਆ ਸੀ, ਜਿਸ ਦੇ ਜੋੜਾਂ 'ਤੇ ਬੰਨ੍ਹੀਆਂ ਰੱਸੀਆਂ ਅਤੇ ਤਾਰਾਂ ਇੱਥੇ ਕੀਤੇ ਗਏ ਨਾਕਸ ਪ੍ਰਬੰਧਾਂ ਦੀ ਪੋਲ ਖੋਲ੍ਹ ਰਹੀਆਂ ਸਨ।

ਮੇਲੇ 'ਚ ਕੰਮ ਕਰਨ ਵਾਲੇ ਵਿਕਾਸ ਨਾਮਕ ਵਿਅਕਤੀ ਨੇ ਦੱਸਿਆ ਕਿ ਗੁੱਡੂ ਨਾਮਕ ਵਿਅਕਤੀ ਦਾ ਪੈਰ ਟੁੱਟ ਜਾਣ ਤੋਂ ਇਲਾਵਾ ਕਿਸੇ ਕਿਸਮ ਦਾ ਜਾਨੀ ਨੁਕਸਾਨ ਹੋਣ ਤੋਂ ਇਸ ਕਰਕੇ ਬਚਾਅ ਰਿਹਾ, ਕਿਉਂਕਿ ਹਾਦਸਾ ਵਾਪਰਨ ਸਮੇਂ ਮੇਲੇ 'ਚ ਕੰਮ ਕਰਨ ਵਾਲੇ ਜ਼ਿਆਦਤਰ ਵਿਅਕਤੀ ਪਿਛਲੇ ਹਿੱਸੇ 'ਚ ਆਪਣਾ ਖਾਣਾ ਤਿਆਰ ਕਰ ਰਹੇ ਸਨ। ਬਿਜਲੀ ਲਾਈਨ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਤੇ ਸਪਲਾਈ ਚਾਲੂ ਕਰਾਉਣ ਲਈ ਮੌਕੇ 'ਤੇ ਪਹੁੰਚੇ ਪਾਵਰਕਾਮ ਦੇ ਐਸ.ਡੀ.ਓ. ਦਾ ਕਹਿਣਾ ਸੀ ਕਿ ਜ਼ਿਆਦਾ ਰਾਤ ਹੋਣ ਕਰਕੇ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ, ਨਹੀਂ ਤਾਂ ਬਾਹਰ ਵੱਲ ਡਿੱਗਾ ਏਨਾ ਉੱਚਾ ਢਾਂਚਾ ਰਾਹਗੀਰਾਂ ਤੇ ਮੇਲਾ ਦੇਖਣ ਆਉਂਦੇ ਲੋਕਾਂ ਲਈ ਖਤਰਨਾਕ ਸਾਬਤ ਹੋ ਸਕਦਾ ਸੀ। ਵਾਰ ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਜਿੱਥੇ ਮੇਲੇ ਦੇ ਪ੍ਰਬੰਧਕ ਆਪਣਾ ਪੱਖ ਰੱਖਣ ਲਈ ਸਾਹਮਣੇ ਨਹੀਂ ਆਏ, ਉੱਥੇ ਸ਼ਹਿਰ ਦੀ ਸੰਘਣੀ ਆਬਾਦੀ 'ਚ ਇਸ ਤਰ੍ਹਾਂ ਦੇ ਅਣਸੁਰੱਖਿਅਤ ਝੂਲੇ ਲਾਉਣ ਦੀ ਪ੍ਰਵਾਨਗੀ ਕਿਸ ਵੱਲੋਂ ਦਿੱਤੀ ਗਈ, ਸਬੰਧੀ ਜਾਨਣ ਲਈ ਐਸ.ਡੀ.ਐਮ. ਨਾਲ ਕਈ ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਵੱਲੋਂ ਫੋਨ ਨਹੀਂ ਚੁੱਕਿਆ ਗਿਆ।

ਕਾਤਰਾਂ

ਦੜੇ ਸੱਟੇ ਦੀ ਰਾਸ਼ੀ ਸਣੇ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 1130 ਰੁਪਏ ਦੱਡੇ ਸੱਟੇ ਦੀ ਰਾਸ਼ੀ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਗੁਰਬਖਸ਼ ਸਿੰਘ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਢੰਡੀ ਖੁਰਦ ਪੁੱਜੇ ਤਾਂ ਮੁਖਬਰ ਖਾਸ ਵੱਲੋਂ ਦਿੱਤੀ ਇਤਲਾਹ 'ਤੇ ਗਗਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਢੰਡੀ ਖੁਰਦ ਨੂੰ ਦੱਡੇ ਸੱਟੇ ਦੀ 1130 ਰੁਪਏ ਰਾਸ਼ੀ ਸਣੇ ਕਾਬੂ ਕੀਤਾ ਗਿਆ। ਪੁਲਸ ਨੇ ਧਾਰਾ 13-ਏ/3/67 ਜੂਆ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

ਬਠਿੰਡਾ ਦੇ ਸੁੰਦਰੀਕਰਨ 'ਤੇ 8 ਕਰੋੜ ਰੁਪਏ ਖਰਚੇ ਜਾਣਗੇ : ਡਾ. ਨਿੱਜਰ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਸਥਾਨਕ ਸਰਕਾਰਾਂ ਬਾਰੇ ਮੰਤਰੀ

ਡਾ: ਇੰਦਰਬੀਰ ਸਿੰਘ ਨਿੱਜਰ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਨੇ ਬਠਿੰਡਾ ਨੂੰ ਸੁੰਦਰ ਬਣਾਉਣ ਦੇ ਉਦੇਸ਼ ਨਾਲ ਵਿਕਾਸ ਪ੍ਰੋਜੈਕਟਾਂ ਲਈ ਲਗਭਗ 8 ਕਰੋੜ ਰੁਪਏ ਖਰਚ ਕਰਨ ਦਾ ਫੈਸਲਾ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਸੋਚ ਅਨੁਸਾਰ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ-ਸੁਥਰਾ ਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਭਰ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਜ਼ੋਨ ਨੰ. 5,6,7,8 ਵਿਖੇ ਸਿਵਲ ਕੰਮਾਂ ਦੀ ਜਨਰਲ ਰਿਪੇਅਰ ਕਰਵਾਉਣ 'ਤੇ ਤਕਰੀਬਨ 1.21 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸੇ ਤਰ੍ਹਾਂ ਹੀ ਜ਼ੋਨ 1,2,3 ਤੇ 4 ਵਿਖੇ ਮਿਸਿੰਗ ਡੀ ਬੀ ਪੇਵਿੰਗ ਇੰਟਰਲਾਕਿੰਗ ਟਾਈਲਾਂ ਲਗਾਉਣ ਤੇ ਆਮ ਮੁਰੰਮਤ ਦੇ ਕੰਮ 'ਤੇ ਤਕਰੀਬਨ 1.06 ਕਰੋੜ ਰੁਪਏ ਖਰਚ ਕੀਤੇ ਜਾਣਗੇ। ਮੰਤਰੀ ਨੇ ਕਿਹਾ ਕਿ ਬਠਿੰਡਾ ਦੇ ਪਿੰਡ ਹਰ ਰਾਏ ਪੁਰ ਵਿਖੇ ਗਊਸ਼ਾਲਾਵਾਂ ਦੇ ਸ਼ੈੱਡ ਨੰ.7, 8 ਤੇ 9 ਦਾ ਨਿਰਮਾਣ ਅਤੇ ਜ਼ੋਨ ਨੰ. 1,3,5,6,7 ਤੇ 8 ਵਿਖੇ ਸੜਕ ਗਲੀ ਚੈਂਬਰਾਂ ਦੀ ਸਾਫ-ਸਫਾਈ ਲਈ 1.70 ਕਰੋੜ ਰੁਪਏ ਖਰਚ ਕੀਤੇ ਜਾਣਗੇ।

26 ਦੀ ਮਹਾਂ ਰੈਲੀ ਸੰਬੰਧੀ ਕਿਸਾਨਾਂ ਨੂੰ ਕੀਤਾ ਜਾ ਰਿਹੈ ਲਾਮਬੰਦ : ਗਰੇਵਾਲ

ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਇਸ ਮੁਹਿੰਮ ਤਹਿਤ ਪਿੰਡ ਅਬਲੂ ਕੋਟਲੀ ਵਿਖੇ ਜ਼ਿਲ੍ਹਾ ਆਗੂ ਜਗਮੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਮੀਤ ਪ੍ਰਧਾਨ ਜਸਪ੍ਰੀਤ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬ ਦੇ ਅਸਲ ਮੁੱਦਿਆਂ, ਦਰਿਆਵਾਂ ਦੇ ਪਾਣੀਆਂ ਦਾ ਮਸਲਾ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ, ਹਰ ਘਰ ਤੱਕ ਪੀਣ ਵਾਲਾ ਸਾਫ ਪਾਣੀ ਪਹੁੰਚਦਾ ਕਰਨ, ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਦਾ ਕਰਵਾਉਣ, ਕਿਸਾਨੀ ਦੇ ਸਮੁੱਚੇ ਕਰਜ਼ੇ 'ਤੇ ਲੀਕ ਮਾਰਨ, ਅਟਾਰੀ ਹੁਸੈਨੀਵਾਲਾ ਬਾਰਡਰ ਰਾਹੀਂ ਪਾਕਿਸਤਾਨ ਨਾਲ ਵਪਾਰਕ ਲਾਂਘਾ ਖੋਲ੍ਹਣ, ਜ਼ਹਿਰੀਲੇ ਖੇਤੀ ਮਾਡਲ ਦੀ ਥਾਂ ਕੁਦਰਤ ਪੱਖੀ ਮਨੁੱਖ ਪੱਖੀ ਹੰਢਣਸਾਰ ਖੇਤੀ ਮਾਡਲ ਲਾਗੂ ਕਰਵਾਉਣ, ਆਬਾਦਕਾਰਾਂ ਨੂੰ ਮਾਲਕੀ ਹੱਕ ਦੇਣ, ਕੇਂਦਰੀਕਰਨ ਦੀ ਨੀਤੀ ਤਹਿਤ ਮੋਦੀ ਹਕੂਮਤ ਵੱਲੋਂ ਸੂਬੇ ਦੇ ਅਧਿਕਾਰਾਂ 'ਤੇ ਮਾਰੇ ਜਾ ਰਹੇ ਡਾਕੇ ਖਿਲਾਫ ਤੇ ਹੋਰ ਮੰਗਾਂ ਨੂੰ ਲੈ ਕੇ ਮੋਗਾ ਦੀ ਦਾਣਾ ਮੰਡੀ ਵਿੱਚ ਲਾਮਿਸਾਲ ਇਕੱਠ ਕੀਤਾ ਜਾ ਰਿਹਾ। ਆਗੂਆਂ ਨੇ ਪੰਜਾਬ ਹਿਤੈਸ਼ੀ ਲੋਕਾਂ ਨੂੰ 26 ਮਈ ਨੂੰ ਮੋਗਾ ਦੀ ਦਾਣਾ ਮੰਡੀ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਰੈਲੀ ਨੂੰ ਕਾਮਯਾਬ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਹਰਬੰਸ ਸਿੰਘ ਕੋਟਲੀ, ਸਤਨਾਮ ਸਿੰਘ ਕੋਟਲੀ, ਹਰਭਜਨ ਸਿੰਘ, ਬਲਵਿੰਦਰ ਸਿੰਘ, ਕਾਲਾ ਸਿੰਘ, ਕੁਲਦੀਪ ਸਿੰਘ, ਪਾਲਾ ਸਿੰਘ, ਰਾਮਦਿੱਤਾ ਸਿੰਘ, ਨੱਥਾ ਸਿੰਘ, ਗੁਰਪ੍ਰੀਤ ਸਿੰਘ, ਪਾਲਮਦੀਪ ਸਿੰਘ, ਸੁਖਪ੍ਰੀਤ ਸਿੰਘ, ਜਗਮੀਤ ਸਿੰਘ, ਤਾਰੀ ਸਿੰਘ ਆਦਿ ਆਗੂ ਹਾਜ਼ਰ ਸਨ।

100 ਗ੍ਰਾਮ ਹੈਰੋਇਨ ਸਣੇ 2 ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਅਮੀਰ ਖਾਸ ਦੀ ਪੁਲਸ ਨੇ 100 ਗ੍ਰਾਮ ਹੈਰੋਇਨ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਚੰਦਰ ਸ਼ੇਖਰ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਪਿੰਡ ਚੱਕ ਕਾਠਗੜ੍ਹ ਉਰਫ ਦਰੋਗਾ ਤੋਂ ਪਹਿਲਾਂ ਆਉਂਦੇ ਚੌਕ 'ਚ ਨਾਕਾਬੰਦੀ ਕੀਤੀ ਗਈ ਸੀ ਤਾਂ ਪਿੰਡ ਚੱਕ ਕਾਠਗੜ੍ਹ ਦੀ ਤਰਫੋਂ ਇੱਕ ਮੋਨਾ ਨੌਜਵਾਨ ਵਿਅਕਤੀ ਤੇ ਇੱਕ ਔਰਤ ਮੋਟਰਸਾਈਕਲ ਮਾਰਕਾ ਸਪਲੈਂਡਰ ਪਲੱਸ ਨੰਬਰ ਪੀ ਬੀ-08 ਡੀ.ਟੀ. 7045 ਰੰਗ ਕਾਲਾ ਦਿਖਾਈ ਦਿੱਤੇ। ਇਸ ਔਰਤ ਦੇ ਹੱਥ ਵਿੱਚ ਪਾਰਦਰਸ਼ੀ ਲਿਫਾਫਾ ਸੀ, ਨੇ ਪੁਲਸ ਪਾਰਟੀ ਨੂੰ ਵੇਖ ਕੇ ਲਿਫਾਫਾ ਸੁੱਟ ਦਿੱਤਾ, ਜਿਸ ਨੂੰ ਪੁਲਸ ਵੱਲੋਂ ਫੜ ਕੇ ਚੌਕ ਕਰਨ 'ਤੇ 100 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਗੁਰਵਿੰਦਰ ਸਿੰਘ ਉਰਫ ਬੱਗੀ ਪੁੱਤਰ ਬੂਟਾ ਸਿੰਘ ਵਾਸੀ ਪੀਰ ਬਖਸ਼ ਚੌਹਾਨ ਤੇ ਪ੍ਰਵੀਨ ਰਾਣੀ ਪਤਨੀ ਲਖਵਿੰਦਰ ਸਿੰਘ ਵਾਸੀਆਨ ਪਿੰਡ ਅਮੀਰ ਖਾਸ ਨੂੰ ਕਾਬੂ ਕਰਕੇ ਮੁਕੱਦਮਾ ਦਰਜ ਕਰ ਲਿਆ ਹੈ।

ਵਿਜੀਲੈਂਸ ਵੱਲੋਂ ਰਿਸ਼ਵਤ ਲੈਣ ਦੇ ਦੋਸ਼ 'ਚ ਏ ਐੱਸ ਆਈ ਗ੍ਰਿਫ਼ਤਾਰ

ਖੰਨਾ (ਸੁਖਵਿੰਦਰ ਸਿੰਘ ਭਾਦਲਾ ਪਰਮਿੰਦਰ ਸਿੰਘ ਮੋਨੂੰ)-ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਥਾਣਾ ਸਮ

20-May-PAGE- 8.qxd 5/19/2023 9:52 PM Page 1

ਫਾਰਮੇਸੀ ਕਾਲਜ ਬੇਲਾ ਵਿਖੇ ਐਥਿਕਲ ਲੈਬਾਰਟਰੀਜ਼ ਕੈਂਪਸ ਪਲੇਸਮੈਂਟ ਡਰਾਈਵ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ (ਆਟੋਨੋਮਸ) ਕਾਲਜ ਆਫ ਫਾਰਮੇਸੀ ਦੇ ਬੀ.ਫਾਰਮੇਸੀ ਅਤੇ ਐਮ.ਫਾਰਮੇਸੀ ਦੇ ਵਿਦਿਆਰਥੀ ਜਿਨ੍ਹਾਂ ਦੀ ਕੈਂਪਸ ਪਲੇਸਮੈਂਟ ਡਰਾਈਵ ਵਿੱਚ ਐਥਿਕਲ ਲੈਬਾਰਟਰੀਜ ਬੱਦੀ ਵੱਲੋਂ ਚੋਣ ਕੀਤੀ ਗਈ। ਮੈਨੇਜਮੈਂਟ ਕਮੇਟੀ ਵੱਲੋਂ ਚੁਣੇ ਗਏ ਉਮੀਦਵਾਰਾਂ ਪ੍ਰੀਤੀ ਕੁਮਾਰੀ, ਵਿਸ਼ਵਨਾਥ, ਰਣਜੀਤ ਸਿੰਘ, ਕੋਮਲ ਭੂਪਾਲ, ਰਮਨਦੀਪ ਸਿੰਘ, ਅਭਿਨਵ ਵਰਮਾ, ਅੰਜਲੀ, ਨੀਤਿਕਾ ਕੁਮਾਰੀ ਅਤੇ ਦੀਪਿਕਾ ਕੁਮਾਰੀ ਨੂੰ ਐਥਿਕਲ ਲੈਬਾਰਟਰੀਜ ਵੱਲੋਂ ਕਰਵਾਏ ਕੈਂਪਸ ਇੰਟਰਵਿਊ ਵਿੱਚ ਸਫਲਤਾਪੂਰਵਕ ਚੁਣੇ ਜਾਣ 'ਤੇ ਵਧਾਈ ਦਿੱਤੀ ਗਈ ਹੈ। ਉਨ੍ਹਾਂ ਨੇ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ ਦੇ ਦੋ ਗੇੜਾਂ ਰਾਹੀਂ ਆਪਣੇ ਹੁਨਰ ਅਤੇ ਕਾਬਲੀਅਤ ਨੂੰ ਸਾਬਤ ਕੀਤਾ ਹੈ, ਅਤੇ ਉਨ੍ਹਾਂ ਦੀ ਚੋਣ ਉਨ੍ਹਾਂ ਦੀ ਸਖਤ ਮਿਹਨਤ ਅਤੇ ਲਗਨ ਦਾ ਪ੍ਰਮਾਣ ਹੈ। ਇਹਨਾਂ ਵਿਦਿਆਰਥੀਆਂ ਕੋਲ ਹੁਣ ਉਤਪਾਦਨ, ਕੁਆਲਿਟੀ ਐਸੋਰੈਂਸ ਅਤੇ ਪੈਕੇਜਿੰਗ ਵਿਭਾਗਾਂ ਵਿੱਚ ਕੰਮ ਕਰਨ ਦਾ ਮੌਕਾ ਹੈ, ਜੋ ਕੀਮਤੀ ਅਨੁਭਵ ਪ੍ਰਦਾਨ ਕਰਨਗੇ ਅਤੇ ਉਹਨਾਂ ਦੇ ਪੇਸ਼ੇਵਰ ਵਿਕਾਸ ਵਿੱਚ ਯੋਗਦਾਨ ਪਾਉਣਗੇ। ਡਾ: ਭਾਗ ਸਿੰਘ ਬੋਲਾ ਪ੍ਰਧਾਨ ਫਾਰਮੇਸੀ ਕਾਲਜ ਸਬ ਕਮੇਟੀ ਨੇ ਕਿਹਾ ਕਿ ਇਹ ਪ੍ਰਾਪਤੀ ਕਾਲਜ ਵੱਲੋਂ ਪ੍ਰਦਾਨ ਕੀਤੀ ਸਿੱਖਿਆ ਅਤੇ ਸਿਖਲਾਈ ਦੇ ਮਿਆਰ ਨੂੰ ਦਰਸਾਉਂਦੀ ਹੈ। ਇਹ ਉਨ੍ਹਾਂ ਦੇ ਕਰੀਅਰ ਦੇ ਸਫਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ, ਅਤੇ ਉਨ੍ਹਾਂ ਨੂੰ ਆਪਣੀਆਂ ਪ੍ਰਾਪਤੀਆਂ 'ਤੇ ਮਾਣ ਹੋਣਾ ਚਾਹੀਦਾ ਹੈ। ਕਾਲਜ ਮੈਨੇਜਮੈਂਟ ਕਮੇਟੀ ਨੂੰ ਆਪਣੇ ਵਿਦਿਆਰਥੀਆਂ ਨੂੰ ਵਧੀਆ ਅਤੇ ਚੰਗੀਆਂ ਪਲੇਸਮੈਂਟਾਂ ਹਾਸਲ ਕਰਦੇ ਦੇਖ ਕੇ ਬਹੁਤ ਖੁਸ਼ੀ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਉਦਯੋਗ ਲਈ ਤਿਆਰ ਕਰਨ ਵਿੱਚ ਕਾਲਜ ਦੇ ਯਤਨਾਂ ਦਾ ਇਹ ਇੱਕ ਸ਼ਾਨਦਾਰ ਪ੍ਰਮਾਣ ਹੈ। ਇਸ ਤੋਂ ਇਲਾਵਾ, ਕਾਲਜ ਦੇ ਡਾਇਰੈਕਟਰ ਡਾ. ਸੈਲੇਸ਼ ਸ਼ਰਮਾ ਨੇ ਵਿਦਿਆਰਥੀਆਂ ਦੀ ਚੋਣ ਕਰਨ ਲਈ ਉਦਯੋਗ ਦੇ ਕਰਮਚਾਰੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਾਲਜ ਦੇ ਵਿਦਿਆਰਥੀਆਂ ਦੀ ਸਮਰੱਥਾ ਅਤੇ ਪ੍ਰਤਿਭਾ ਨੂੰ ਪਛਾਣਨ ਲਈ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ, ਹਰਸਿਮਰਨ ਸਿੰਘ, ਪਲੇਸਮੈਂਟ ਅਤੇ ਸਿਖਲਾਈ ਸੈੱਲ ਅਫਸਰ, ਅਤੇ ਉਨ੍ਹਾਂ ਦੀ ਟੀਮ ਪਲੇਸਮੈਂਟ ਪ੍ਰਕਿਰਿਆ ਦੌਰਾਨ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਕੀਤੀ ਗਈ ਸਖਤ ਮਿਹਨਤ ਲਈ ਵਿਸ਼ੇਸ਼ ਸਨਮਾਨ ਦੀ ਹੱਕਦਾਰ ਹੈ। ਉਹਨਾਂ ਦੇ ਸਮਰਪਣ ਅਤੇ ਸਮਰਥਨ ਨੇ ਅਥਿਲ ਲੈਬਾਰਟਰੀਜ ਵਿੱਚ ਅਹੁਦਿਆਂ ਨੂੰ ਪ੍ਰਾਪਤ ਕਰਨ ਵਿੱਚ ਵਿਦਿਆਰਥੀਆਂ ਦੀ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਜਲੰਧਰ ਨੂੰ ਦੇਸ਼ 'ਚ ਮਾਡਲ ਤੌਰ 'ਤੇ ਵਿਕਸਤ ਕਰੇਗੀ ਆਪ ਸਰਕਾਰ- ਕੰਗ

ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)-ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਚੰਡੀਗੜ੍ਹ ਵਿਖੇ ਪਾਰਟੀ ਦਫਤਰ ਵਿੱਚ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਮਾਨ ਸਰਕਾਰ ਦੇ ਪੰਜਾਬ ਲਈ ਏਜੰਡੇ ਬਾਰੇ ਦੱਸਿਆ ਅਤੇ ਨਾਲ ਹੀ ਉਨ੍ਹਾਂ 'ਸਰਕਾਰ ਤੁਹਾਡੇ ਦੁਆਰ' ਮੁਹਿੰਮ ਦੇ ਅਧੀਨ ਜਲੰਧਰ ਵਿਖੇ ਬੀਤੇ ਦਿਨੀਂ ਹੋਈ ਕੈਬਨਿਟ ਮੀਟਿੰਗ ਦੌਰਾਨ ਇਲਾਕੇ ਦੇ ਵਿਕਾਸ ਵਾਸਤੇ ਲਏ ਫੈਸਲਿਆਂ ਬਾਰੇ ਲੋਕਾਂ ਨੂੰ ਜਾਣੂੰ ਕਰਵਾਇਆ। ਕੰਗ ਨੇ ਕਿਹਾ ਕਿ ਆਪ ਦੇ ਲੱਖਾਂ ਵਲੰਟੀਅਰਾਂ ਨੇ 2022 ਵਿੱਚ ਘਰ-ਘਰ ਬੂਹਾ ਖੜਕਾ ਕੇ ਪੰਜਾਬੀਆਂ ਨੂੰ ਪਾਰਟੀ ਦੇ ਸੂਬੇ ਲਈ ਏਜੰਡੇ ਬਾਰੇ ਦੱਸਦਿਆਂ ਇੱਕ ਮੌਕਾ ਦੇਣ ਲਈ ਬੇਨਤੀ ਕੀਤੀ ਸੀ, ਅਤੇ ਹੁਣ ਮਾਨ ਸਰਕਾਰ ਦੀ ਵਾਰੀ ਹੈ ਅਤੇ ਉਹ ਘਰ-ਘਰ ਜਾਕੇ ਲੋਕਾਂ ਦੇ ਮਸਲੇ ਹੱਲ ਕਰ ਰਹੀ ਹੈ। 'ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਬੀਤੇ ਦਿਨੀਂ ਜਲੰਧਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਲਏ ਫੈਸਲਿਆਂ ਬਾਰੇ ਦੱਸਦਿਆਂ ਮਲਵਿੰਦਰ ਕੰਗ ਨੇ ਕਿਹਾ ਕਿ ਸਰਕਾਰ ਨੇ ਜਲੰਧਰ ਸ਼ਹਿਰ ਦੇ ਕਾਇਆਕਲਪ ਵਾਸਤੇ 95 ਕਰੋੜ ਜਾਰੀ ਕਰ ਦਿੱਤੇ ਹਨ। ਨਾਲ ਹੀ ਪਿਛਲੇ ਛੇ ਸਾਲਾਂ ਤੋਂ ਅੜੇ ਆਦਮਪੁਰ ਦੇ ਰੋਡ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਦਿਆਂ ਮੁੱਖ ਮੰਤਰੀ ਮਾਨ ਨੇ ਜਲੰਧਰ ਨੂੰ ਦੇਸ਼ ਵਿੱਚ ਇੱਕ ਮਾਡਲ ਤੌਰ 'ਤੇ ਵਿਕਸਿਤ ਕਰਨ ਦਾ ਐਲਾਨ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਕਿਸਾਨੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪ ਸਰਕਾਰ ਨਹਿਰੀ ਪਾਣੀ ਨੂੰ ਹਰ ਖੇਤ ਤੱਕ ਪਹੁਚਾਉਣ ਵਾਸਤੇ ਉਪਰਾਲੇ ਕਰ ਰਹੀ ਹੈ। ਜਿਸ ਤੋਂ ਕਿਸਾਨ ਭਾਈਚਾਰਾ ਵੀ ਉਤਸ਼ਾਹਿਤ ਹੈ। ਕੰਗ ਨੇ ਮਾਨ ਸਰਕਾਰ ਦੇ ਪਿਛਲੇ ਇੱਕ ਸਾਲ ਦੇ ਕੰਮਾਂ 'ਤੇ ਸੰਤੁਸ਼ਟੀ ਜਾਹਿਰ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਹੁਣ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹ ਪੈ ਰਹੀ ਹੈ ਜੋਕਿ ਸੂਬੇ ਦੇ ਭਵਿੱਖ ਲਈ ਇੱਕ ਚੰਗਾ ਸੰਕੇਤ ਹੈ।

ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਤਲਵਾੜਾ 'ਚ ਰੋਹ ਭਰਪੂਰ ਮੁਜ਼ਾਹਰਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਇੱਥੇ ਮਨਰੇਗਾ ਵਰਕਰਜ਼ ਯੂਨੀਅਨ ਤਲਵਾੜਾ ਵੱਲੋਂ ਮਨਰੇਗਾ ਮੇਟਾਂ ਅਤੇ ਵਰਕਰਾਂ ਨੇ ਆਪਣੀਆਂ ਮੰਗਾਂ ਦੇ ਹੱਕ 'ਚ ਜ਼ਬਰਦਸਤ ਮੁਜ਼ਾਹਰਾ ਕੀਤਾ। ਬੀਡੀਪੀਓ ਤਲਵਾੜਾ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗ ਪੱਤਰ ਭੇਜਿਆ। ਸਥਾਨਕ ਬਸ ਸਟੈਂਡ 'ਤੇ ਯੂਨੀਅਨ ਵੱਲੋਂ ਮੁਜ਼ਾਹਰੇ ਦਾ ਆਯੋਜਨ ਕੀਤਾ ਗਿਆ। ਬਲਾਕ ਦੇ ਵੱਖ ਵੱਖ ਪਿੰਡਾਂ ਤੋਂ ਮਨਰੇਗਾ ਮੇਟ ਅਤੇ ਵਰਕਰ ਸ਼ਾਮਲ ਹੋਏ, ਬਲਾਕ ਹਾਜੀਪੁਰ ਤੋਂ ਪ੍ਰਧਾਨ ਬਲਵਿੰਦਰ ਕੌਰ, ਜਨ ਸਕੱਤਰ ਅਨੀਤਾ ਰਾਣੀ ਨੰਗਲ ਬਿਹਾਲਾਂ ਅਤੇ ਖਜਾਨਚੀ ਪਰਮਜੀਤ ਕੌਰ ਆਸਪੁਰ ਨੇ ਵੀ ਆਪਣੇ ਜਥੇ ਸਮੇਤ ਸ਼ਮੂਲੀਅਤ ਕੀਤੀ। ਇਸ ਮੌਕੇ ਸ਼ਾਦੀ ਲਾਲ, ਸੁਮਲ ਲਤਾ, ਸੋਹਣ ਲਾਲ, ਨੀਲਮ ਕੁਮਾਰੀ, ਸੁਸ਼ਮਾ ਧਾਰ ਆਦਿ ਨੇ ਸਾਲ 2023-24 'ਚ ਕੇਂਦਰ ਸਰਕਾਰ ਵੱਲੋਂ ਮਨਰੇਗਾ ਬਜ਼ਟ ਵਿੱਚ ਕੀਤੀ ਕਟੌਤੀ ਦੀ ਜ਼ੋਰਦਾਰ ਸ਼ਬਦਾਂ 'ਚ ਨਿਖੇਧੀ ਕੀਤੀ। ਬੁਲਾਰਿਆਂ ਨੇ ਕੇਂਦਰ ਸਰਕਾਰ ਨੂੰ ਬਜ਼ਟ ਕਟੌਤੀ ਰੱਦ ਕਰਕੇ ਬਜ਼ਟ 1 25 ਲੱਖ ਕਰੋੜ , ਦਿਹਾੜੀ 600 ਰੁਪਏ, ਕੰਮ ਦੇ ਦਿਨਾਂ 'ਚ ਵਾਧਾ ਆਦਿ ਕਰਨ ਦੀ ਮੰਗ ਕੀਤੀ। ਉੱਥੇ ਹੀ ਪੰਜਾਬ ਸਰਕਾਰ ਤੋਂ ਮਨਰੇਗਾ ਕਾਮਿਆਂ 'ਤੇ ਡੀਸੀ ਰੇਟ ਲਾਗੂ ਕਰਕੇ ਦਿਹਾੜੀ 'ਚ ਫੌਰੀ ਤੌਰਤੇ 95 ਰੁਪਏ ਵਾਧਾ, ਗਰਾਮ ਰੁਜ਼ਗਾਰ ਸਹਾਇਕ ਦੀ ਭਰਤੀ ਦੌਰਾਨ ਪੜ੍ਹੇ ਲਿਖੇ ਮਨਰੇਗਾ ਮੇਟਾਂ ਅਤੇ ਵਰਕਰਾਂ ਨੂੰ ਪਹਿਲ ਦੇਣ, ਮਨਰੇਗਾ ਕਾਮਿਆਂ ਦਾ ਮੁਫ਼ਤ 'ਚ ਸਿਹਤ ਬੀਮਾ, ਵਰਕਰਾਂ ਨੂੰ ਔਜ਼ਾਰ ਮੁਹੱਇਆ ਕਰਵਾਉਣ ਲਈ ਪੰਚਾਇਤੀ ਬਜ਼ਟ 'ਚ ਯੋਗ ਪ੍ਰਬੰਧ ਆਦਿ ਕਰਨ ਦੀ ਮੰਗ ਕੀਤੀ। ਬੁਲਾਰਿਆਂ ਨੇ ਕੇਂਦਰ ਸਰਕਾਰ 'ਤੇ ਮਨਰੇਗਾ ਬਜ਼ਟ ਕਟੌਤੀ ਰਾਹੀਂ ਇਸ ਯੋਜਨਾ ਨੂੰ ਬੰਦ ਕਰਨ ਦੇ ਦੋਸ਼ ਲਗਾਏ। ਮਨਰੇਗਾ ਕਾਮਿਆਂ ਨੇ ਆਪਣੀਆਂ ਮੰਗਾਂ ਅਤੇ ਸਰਕਾਰ ਦੀਆਂ ਮਨਰੇਗਾ ਵਿਰੋਧੀ ਨੀਤੀਆਂ ਖਿਲਾਫ਼ ਜੰਮ ਕੇ ਨਾਅਰੇਬਾਜੀ ਕੀਤੀ। ਇਸ ਉਪਰੰਤ ਉਕਤ ਮੰਗਾਂ ਸਬੰਧੀ ਇੱਕ ਮੰਗ ਪੱਤਰ ਬੀਡੀਪੀਓ ਤਲਵਾੜਾ ਸੁਖਪ੍ਰੀਤ ਸਿੰਘ ਦੀ ਗੈਰ ਮੌਜੂਦਗੀ ਵਿੱਚ ਲੇਖਾਕਾਰ ਸੁਰਜੀਤ ਚੰਦ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਭੇਜਿਆ।

ਆਈ ਵੀ ਵਰਲਡ ਸਕੂਲ ਵੱਲੋਂ 'ਸਾਈਬਰ ਸਕਿਉਰਿਟੀ' ਵਰਕਸ਼ਾਪ

ਜਲੰਧਰ (ਇਕਬਾਲ ਸਿੰਘ ਉੱਭੀ) ਆਈ ਵੀ ਵਰਲਡ ਸਕੂਲ ਵਾਸਲ ਐਜੂਕੇਸ਼ਨ ਸੁਸਾਇਟੀ ਹਮੇਸ਼ਾਂ ਹੀ ਆਪਣੇ ਵਿਦਿਆਰਥੀਆਂ ਦੇ ਭਵਿੱਖ ਲਈ ਕਿਰਿਆਸ਼ੀਲ ਰਹਿੰਦਾ ਹੈ। ਸਕੂਲ ਲਈ ਵਿਦਿਆਰਥੀਆਂ ਦਾ ਇੰਟਰਨੈੱਟ ਨੂੰ ਗ਼ਲਤ ਢੰਗ ਨਾਲ਼ ਇਸਤੇਮਾਲ ਕਰਨਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਸੀ। ਸਕੂਲ ਇਹ ਗੱਲ ਕਦੇ ਨਹੀਂ ਚਾਹੁੰਦਾ ਕਿ ਉਹਨਾਂ ਨੇ ਵਿਦਿਆਰਥੀ ਜਾਣੇ-ਅਣਜਾਣੇ ਵਿੱਚ ਅਜਿਹੀਆਂ ਆਨਲਾਈਨ ਗੇਮਾਂ ਦੇ ਆਦੀ ਹੋ ਜਾਣ ਜੋ ਭਵਿੱਖ ਵਿੱਚ ਉਹਨਾਂ ਦਾ ਨੁਕਸਾਨ ਕਰਨ। ਇਸ ਗੱਲ਼ ਦੀ ਗਹਿਰਾਈ ਨੂੰ ਸਮਝਦੇ ਹੋਏ ਸਕੂਲ ਦੁਆਰਾ ਵਿਦਿਆਰਥੀਆਂ ਲਈ ਡਾ.ਰਕਸ਼ਿਤ ਟੰਡਨ ਮੈਂਬਰ ਸਾਈਬਰ ਕ੍ਰਾਈਮ ਇੰਡੀਆ ਦੀ ਮਦਦ ਨਾਲ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਤੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਅਜਿਹੀਆਂ ਆਨਲਾਈਨ ਗੇਮਾਂ ਤੋਂ ਜਾਣੂ ਕਰਵਾਇਆ ਜਿਸ ਦੇ ਆਦੀ ਹੋ ਕੇ ਬੱਚੇ ਆਪਣਾ ਭਵਿੱਖ ਖ਼ਰਾਬ ਕਰ ਸਕਦੇ ਹਨ। ਉਹਨਾਂ ਦੁਆਰਾ ਮਾਪਿਆਂ ਨੂੰ ਇੰਟਰਨੈੱਟ ਤੇ ਪਕੜ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਨੂੰ ਵੱਖਰੀਆਂ-ਵੱਖਰੀਆਂ ਗਤੀਵਿਧੀਆਂ ਵਿੱਚ ਵਿਅਸਤ ਰੱਖਣ 'ਤੇ ਜ਼ੋਰ ਦਿੱਤਾ ਗਿਆ।

ਜਲ ਸਰੋਤ ਵਿਭਾਗ ਅੰਦਰ ਖਾਲੀ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ : ਮਕੀਮਪੁਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)=ਪੰਜਾਬ ਜਲ ਸਰੋਤ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਮਕੀਮ ਪੁਰ, ਜਨਰਲ ਸਕੱਤਰ ਰਾਜਨ ਸ਼ਰਮਾ ਅਤੇ ਵਿੱਤ ਸਕੱਤਰ ਪਰਮਜੀਤ ਸਿੰਘ ਨੇ ਪ੍ਰੈੱਸ ਦੇ ਨਾਂਅ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਦਾਰੇ ਵਿੱਚ ਓਪਰੇਸ਼ਨਲ ਸਟਾਫ਼ ਦੀਆਂ ਵੱਡੀ ਗਿਣਤੀ ਵਿੱਚ ਪਈਆਂ ਖ਼ਾਲੀ ਪੋਸਟਾਂ 'ਤੇ ਰੈਗੂਲਰ ਭਰਤੀ ਕੀਤੀ ਜਾਵੇ, ਮੁਲਾਜ਼ਮਾਂ ਦੀਆਂ ਬਣਦੀਆਂ ਪ੍ਰਮੋਸ਼ਨਾਂ ਜਲਦ ਕੀਤੀਆਂ ਜਾਣ, ਨਵ-ਨਿਯੁਕਤ ਮੁਲਾਜ਼ਮਾਂ ਨੂੰ ਕੋਦਰੀ ਤਨਖ਼ਾਹ ਸਕੇਲ ਦੇਣ ਦੀ ਬਜਾਏ ਪੰਜਾਬ ਦੇ ਛੇਵੇਂ ਤਨਖ਼ਾਹ ਕਮਿਸ਼ਨ ਵੱਲੋਂ ਦਿੱਤੇ ਗਏ ਸਕੇਲ਼ ਦਿੱਤੇ ਜਾਣ, ਤਿੰਨ ਸਾਲ ਦੇ ਪ੍ਰਬੇਸ਼ਨ ਪੀਰੀਅਡ ਦਾ ਪੱਤਰ ਰੱਦ ਕੀਤਾ ਜਾਵੇ, ਮੁਲਾਜ਼ਮਾਂ ਤੇ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਅਤੇ ਸਕਰੀਨਿੰਗ ਕਮੇਟੀ ਵੱਲੋਂ ਲਏ ਗਏ ਫੈਸਲੇ ਅਮਲ ਵਿੱਚ ਲਿਆਂਦੇ ਜਾਣ। ਇਸ ਮੌਕੇ ਤੋਂ ਉਹਨਾਂ ਨਾਲ਼ ਜੱਥੇਬੰਦੀ ਦੇ ਸਾਬਕਾ ਜਨਰਲ ਸਕੱਤਰ ਰਾਮਜੀ ਦਾਸ ਚੌਹਾਨ, ਬਲਵੀਰ ਸਿੰਘ ਬੈਂਸ, ਬੁੱਧ ਰਾਮ, ਅਮਰੀਕ ਸਿੰਘ ਅਤੇ ਗੁਰਪ੍ਰੀਤ ਸਿੰਘ ਚੋਹਕਾ ਵੀ ਹਾਜ਼ਰ ਸਨ।

ਦਿਮਾਗ ਨਾਲ ਸੰਬੰਧਤ ਕਿਸੇ ਵੀ ਲੱਛਣ ਨੂੰ ਨਜ਼ਰਅੰਦਾਜ਼ ਨਾ ਕਰੋ: ਡਾ. ਵਿਵੇਕ ਅਗਰਵਾਲ

ਜਲੰਧਰ (ਸੁਰਿਦਰ ਕੁਮਾਰ, ਸ਼ੈਲੀ ਐਲਬਰਟ) ਡਾਕਟਰ ਵਿਵੇਕ ਅਗਰਵਾਲ ਨੇ ਕਿਹਾ ਕਿ ਜੇਕਰ ਸਮੇਂ 'ਤੇ ਜਾਂਚ ਕਰਵਾ ਲਈ ਜਾਵੇ ਤਾਂ ਇਕ ਲੱਛਣ ਨਾਲ ਬੀਮਾਰੀ ਦੀ ਅਸਲ ਸਥਿੱਤੀ ਦਾ ਪਤਾ ਲੱਗ ਜਾਂਦਾ ਹੈ। ਅਜਿਹੇ ਵਿਚ ਉਕਤ ਲੱਛਣ ਜੇਕਰ ਦਿਮਾਗ ਨਾਲ ਜੁੜਿਆ ਹੋਵੇ ਤਾਂ ਥੋੜੀ ਜਿਹੀ ਬਰਤੀ ਲਾਪਰਵਾਹੀ ਨਾਲ ਵਿਅਕਤੀ ਬਰੇਨ ਸਟਰੋਕ (ਦਿਮਾਗ ਦਾ ਦੌਰਾ) ਪੈਣ ਦੇ ਕਾਰਨ ਇਕ ਗੰਭੀਰ ਦਿਮਾਗੀ ਬੀਮਾਰੀ ਦੀ ਚਪੇਟ ਵਿਚ ਆ ਸਕਦਾ ਹੈ। ਬਰੇਨ ਸਟਰੋਕ / ਅਧਰੰਗ ਵਰਗੇ ਰੋਗ ਅਤੇ ਜੀਵਨ ਸ਼ੈਲੀ ਵਿੱਚ ਸੁਧਾਰ ਸਬੰਧੀ ਜਾਗਰੂਕਤਾ ਪੈਦਾ ਕਰਨ ਦੇ ਮਕਸਦ ਤਹਿਤ ਮੰਨੇ-ਪ੍ਰਮੰਨੇ ਦਿਮਾਗ ਦੇ ਮਾਹਿਰ ਡਾ. ਵਿਵੇਕ ਅਗਰਵਾਲ ਜਲੰਧਰ ਪਹੁੰਚੇ। ਉਨ੍ਹਾਂ ਕਿਹਾ ਕਿ ਬ੍ਰੇਨ ਸਟਰੋਕ ਹੋਣ ਦੀ ਸੂਰਤ ਵਿੱਚ ਜੇਕਰ ਮਰੀਜ਼ ਨੂੰ ਤੁਰੰਤ ਕਿਸੇ ਅਜਿਹੇ ਹਸਪਤਾਲ ਵਿੱਚ ਲਿਜਾਇਆ ਜਾਵੇ ਜਿੱਥੇ ਤਜਰਬੇਕਾਰ ਨਿਊਰੋਲੋਜਿਸਟ ਅਤੇ ਨਿਊਰੋਸਰਜਨ ਮੌਜੂਦ ਹੋਣ ਤਾਂ ਮਰੀਜ਼ ਜਲਦੀ ਠੀਕ ਹੋ ਸਕਦਾ ਹੈ ਅਤੇ ਅਧਰੰਗ ਦੇ ਪ੍ਰਭਾਵ ਨੂੰ ਘੱਟ ਜਾਂ ਖ਼ਤਮ ਕੀਤਾ ਜਾ ਸਕਦਾ ਹੈ। ਨਿਊਰੋ ਨਾਲ ਸਬੰਧਤ ਬਿਮਾਰੀਆਂ ਦੇ ਲੱਛਣ ਦਿਮਾਗੀ ਹਾਲਤ ਨਾਲ ਜੁੜੇ ਹੁੰਦੇ ਹਨ, ਜਿਨ੍ਹਾਂ 'ਚ ਭੁੱਲ ਜਾਣਾ, ਸੁਚੇਤਨਾ ਦੀ ਕਮੀ, ਵਿਅਕਤੀ ਦੇ ਵਤੀਰੇ ਵਿਚ ਇਕ ਦਮ ਬਦਲਾਓ ਆਣਾ, ਕਰੋਧਿਤ ਹੋਣਾ ਅਤੇ ਤਣਾਅਗ੍ਰਸਤ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਬ੍ਰੇਨ ਸਟਰੋਕ ਦੇ ਮਰੀਜ਼ਾਂ ਲਈ ਮਕੈਨੀਕਲ ਥਰੋਮਬੈਕਟੋਮੀ ਨੂੰ ਸੋਨੇ ਦਾ ਮਿਆਰ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬ੍ਰੇਨ ਅਟੈਕ ਜਾਂ ਅਧਰੰਗ ਹੋਣ 'ਤੇ ਬਿਲਕੁਲ ਵੀ ਘਬਰਾਉਣ ਦੀ ਲੋੜ ਨਹੀਂ ਹੈ। ਇਸ ਦਾ ਇਲਾਜ ਸੰਭਵ ਹੈ।

ਸੰਤ ਚਾਨਣ ਰਾਮ ਸ਼ੇਰਗੜ੍ਹ ਦੀ ਬਰਸੀ ਤੇ ਮਾਤਾ ਹਰਨਾਮ ਕੌਰ ਦੀ ਯਾਦ 'ਚ ਸਮਾਗਮ ਭਲਕੇ

ਹੁਸ਼ਿਆਰਪੁਰ (ਓ ਪੀ ਰਾਣਾ) ਮਹਾਨ ਤਪੱਸਵੀ ਬ੍ਰਹਮਲੀਨ ਸ੍ਰੀਮਾਨ 108 ਸੰਤ ਚਾਨਣ ਰਾਮ ਜੀ ਸ਼ੇਰਗੜ ਵਾਲਿਆਂ ਦੇ ਬਰਸੀ ਸਮਾਗਮ ਅਤੇ ਮਾਤਾ ਹਰਨਾਮ ਕੌਰ ਦੀ ਯਾਦ ਵਿਚ ਸਾਲਾਨਾ ਸਮਾਗਮ 21 ਮਈ ਨੂੰ ਧਾਮ ਚਾਨਣ ਪੁਰੀ ਸ਼ੇਰਗੜ ਚੰਡੀਗੜ੍ਹ ਰੋਡ ਨਜਦੀਕ ਅਸਲਾਮਾਬਾਦ ਵਿਖੇ ਮੌਜੂਦਾ ਗੱਦੀਨਸ਼ੀਨ ਸੰਤ ਧਰਮਪਾਲ ਸਟੇਜ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ (

20-May-PAGE- 9.qxd 5/19/2023 9:52 PM Page 1

ਮਾਨ ਨੇ ਕੀਤਾ ਵਾਅਦਾ ਨਿਭਾਇਆ, ਆਦਮਪੁਰ-ਹੁਸ਼ਿਆਰਪੁਰ ਸੜਕ ਦਾ ਨਿਰਮਾਣ ਕਰਵਾਇਆ ਸ਼ੁਰੂ

ਆਦਮਪੁਰ (ਪਰਮਜੀਤ ਸਿੰਘ) -ਲੋਕਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਪੰਜਾਬ ਦੇ ਸੀ.ਐੱਮ. ਭਗਵੰਤ ਮਾਨ ਨੇ ਲੰਮੇ ਸਮੇਂ ਤੋਂ ਲਟਕ ਰਹੇ ਜਲੰਧਰ - ਆਦਮਪੁਰ - ਹੋਸ਼ਿਆਰਪੁਰ ਸੜਕ ਨਿਰਮਾਣ ਦਾ ਕੰਮ ਬੁੱਧਵਾਰ ਤੋਂ ਸ਼ੁਰੂ ਕਰਵਾਇਆ ਅਤੇ ਇਸ ਪ੍ਰੋਜੈਕਟ 'ਤੇ 13.74 ਕਰੋੜ ਦੀ ਲਾਗਤ ਆਵੇਗੀ। ਇਸ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਅੱਜ ਦਾ ਦਿਨ ਜ਼ਿਲ੍ਹੇ ਦੇ ਲੋਕਾਂ ਦੇ ਲਈ ਇਤਿਹਾਸਕ ਹੈ ਕਿਉਂਕਿ ਇਸ ਪ੍ਰੋਜੈਕਟ ਦੇ ਮੁਕੰਮਲ ਹੋਣ 'ਤੇ ਲੋਕਾਂ ਨੂੰ ਬੜੀ ਸੁਵਿਧਾ ਮਿਲੇਗੀ। ਉਨ੍ਹਾਂ ਨੇ ਕਿਹਾ ਕਿ ਇਸ ਪ੍ਰੋਜੈਕਟ ਨੂੰ ਪੂਰਾ ਕਰਨਾ ਰਾਜ ਸਰਕਾਰ ਦੀ ਮੁੱਖ ਪ੍ਰਾਥਮਿਕਤਾ ਹੈ ਕਿਉਂਕਿ ਇਸ ਨਾਲ ਜਲੰਧਰ ਤੋਂ ਹੁਸ਼ਿਆਰਪੁਰ ਜਾਣ ਵਾਲੇ ਲੋਕ ਮਾਤਾ ਚਿੰਤਪੂਰਨੀ ਦੇ ਦਰਸ਼ਨ ਕਰਨ ਜਾਂਦੇ ਹਨ ਅਤੇ ਅਨੇਕਾਂ ਸਥਾਨਾਂ 'ਤੇ ਪਹੁੰਚਣ ਵਾਲੇ ਰਾਹਗੀਰਾਂ ਨੂੰ ਸੁਵਿਧਾ ਮਿਲੇਗੀ। ਭਗਵੰਤ ਮਾਨ ਨੇ ਕਿਹਾ ਕਿ ਪ੍ਰੋਜੈਕਟ ਪੂਰਾ ਹੋਣ 'ਤੇ ਇਸ ਇਲਾਕੇ ਵਿੱਚ ਵਪਾਰ ਅਤੇ ਉਦਯੋਗ ਨੂੰ ਵੀ ਬੜਾਵਾ ਮਿਲੇਗਾ। ਉਨ੍ਹਾ ਕਿਹਾ ਕਿ ਚਾਹੇ ਜਲੰਧਰ ਤੋਂ ਨਵੇਂ ਸਾਂਸਦ ਸੁਸ਼ੀਲ ਕੁਮਾਰ ਰਿੰਕੂ ਦਾ ਅਜੇ ਸਹੁੰ ਚੁੱਕਣਾ ਬਾਕੀ ਹੈ ਪ੍ਰੰਤੂ ਸੜਕ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਸੜਕ ਦਾ ਕੰਮ ਸਤੰਬਰ ਤੱਕ ਮੁਕਮੰਲ ਹੋ ਜਾਵੇਗਾ। ਉਨ੍ਹਾ ਅਧਿਕਾਰਿਆਂ ਨੂੰ ਸੜਕ ਨਿਰਮਾਣ ਦੇ ਲਈ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਇਸ ਕੰਮ ਨੂੰ ਨਿਰਧਾਰਤ ਸਮੇਂ ਵਿੱਚ ਪੂਰਾ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਉਹ ਆਪ ਵੀ ਇਸ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲੈਂਦੇ ਰਹਿਣਗੇ। ਇਸ ਦੌਰਾਨ ਉਨ੍ਹਾ ਨਾਲ ਸੁਸ਼ੀਲ ਰਿੰਕੂ, ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ, ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਜਸਵੀਰ ਸਿੰਘ ਰਾਜਾ, ਵਿਧਾਇਕ ਡਾ. ਰਵਜੋਤ ਕੁਮਾਰ, ਪਰਮਜੀਤ ਸਿੰਘ ਰਾਏਪੁਰ ਮੈਂਬਰ ਐੱਸ.ਜੀ.ਪੀ.ਸੀ,ਜਥੇਦਾਰ ਤਰਸੇਮ ਸਿੰਘ ਕੋਟਲੀ, ਪਰਮਜੀਤ ਰਾਜਵੰਸ਼, ਅਸ਼ੋਕ ਕੁਮਾਰ ਪੰਚ ਕਪੂਰ ਪਿੰਡ , ਹਰਦੀਪ ਸਿੰਘ ਨਾਜਵਾ, ਜਗਦੀਸ਼ ਜੱਸਲ, ਸੁਰਿੰਦਰ ਪਾਲ ਸਿੱਧੂ, ਅਮਰੀਕ ਸਿੰਘ ਸਵੀਟੀ, ਕ੍ਰਿਸ਼ਨਾ ਗਰੇਵਾਲ, ਤੰਨੂ, ਵਿਕਰਮ ਵਰਧਨ, ਬਾਬਾ ਹਰਬੰਸ ਕਾਦਰੀ, ਨਰਿੰਦਰ ਬਾਬਾ, ਦਲੀਪ ਸਾਂਈ, ਜੀਤ ਲਾਲ ਭੱਟੀ, ਮੰਗਾ ਰਾਮ, ਬਿੰਦਾ ਗਰੇਵਾਲ ਸਰਪੰਚ, ਦਵਿੰਦਰ ਕੁਮਾਰ ਡੀ.ਸੀ., ਕੁਲਵਿੰਦਰ ਸਾਬੀ ਯੁਵਾ ਨੇਤਾ, ਆਸ਼ੂ ਕੁਮਾਰ, ਹਰਿੰਦਰ ਸਿੰਘ, ਰਾਕੇਸ਼ ਕੁਮਾਰ ਪਿੰਕਾ, ਵਰਿੰਦਰ ਬਾਬਾ, ਪਵਨ ਆਵਲ, ਰਾਜ ਕੁਮਾਰ ਪਾਲ, ਡਾ. ਐੱਸ.ਐੱਮ.ਟੰਡਨ, ਸਤਪਾਲ ਬਜਾਜ, ਗੁਲਸ਼ਨ ਦਿਲਬਾਗੀ, ਸੰਜਯ ਗੁਪਤਾ, ਵਿਸ਼ਾਲ ਵਰਮਾ, ਪ੍ਰਵੀਨ ਟੰਡਨ, ਧਰਮਪਾਲ ਕਠਾਰ, ਸਤਵਿੰਦਰ ਅਰੋੜਾ ਸਮੇਤ ਇਲਾਕੇ ਦੇ ਹੋਰ ਪਤਵੰਤੇ ਵੀ ਮੌਜੂਦ ਸਨ।

ਮਸਤ ਬਾਬਾ ਸ਼ਾਮ ਮਹਾਰਾਜ ਦੇ ਨਿਰਵਾਣ ਦਿਵਸ ਸਬੰਧੀ 3 ਰੋਜ਼ਾ ਸਮਾਗਮ ਸੰਪੰਨ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-ਸਕਾਰਾਤਮਿਕ ਚਿੰਤਨ ਮਨੁੱਖ ਨੂੰ ਹਮੇਸ਼ਾ ਤਰੱਕੀ ਦੀ ਤਰਫ਼ ਲੈ ਜਾਂਦਾ ਹੈ ਅਤੇ ਨਕਾਰਾਤਮਿਕ ਚਿੰਤਨ ਪਤਨ ਵੱਲ ਲੈ ਜਾਂਦਾ ਹੈ। ਜੋ ਵਸਤੂਆਂ ਸਾਨੂੰ ਨਹੀਂ ਮਿਲ ਸਕੀਆਂ ਹਨ ਦੇ ਲਈ ਦੁੱਖੀ ਹੋਣ ਦੀ ਬਿਜਾਏ ਜੋ ਉੱਪਲਬਧ ਹੈ, ਉਸ ਵਿੱਚ ਹੀ ਪ੍ਰਸੰਨ ਹੋ ਕੇ ਰਹਿਣ 'ਚ ਲਾਭ ਹੈ ਕਿਉਂਕਿ ਵਸਤੂ ਵਿਸ਼ੇਸ਼ ਦੀ ਕਮੀ 'ਚ ਜੀਵਨ ਦੀ ਗੱਡੀ ਰੁੱਕਣ ਵਾਲੀ ਨਹੀਂ ਹੈ। ਉਕਤ ਅਨਮੋਲ ਵਚਨ ਸਵਾਮੀ ਅਨਮੋਲਕਾ ਨੰਦ ਮਹਾਰਾਜ ਨੇ ਮਸਤ ਬਾਬਾ ਸ਼ਾਮ ਜੀ ਮਹਾਰਾਜ ਸਮਾਧੀ ਵਾਲਿਆਂ ਦੇ ਧਾਰਮਿਕ ਅਸਥਾਨ ਪਿੰਡ ਝੱਜ ਵਿਖੇ ਮਸਤ ਬਾਬਾ ਸ਼ਾਮ ਮਹਾਰਾਜ ਦੇ ਨਿਰਵਾਣ ਦਿਵਸ ਸਬੰਧੀ ਆਯੋਜਿਤ ਕਰਵਾਏ ਜਾ ਰਹੇ 3 ਰੋਜ਼ਾ ਧਾਰਮਿਕ ਸਮਾਗਮ ਦੇ ਅੰਤਿਮ ਦਿਨ ਅਚਾਰੀਆ ਬਾਬਾ ਗਰੀਬਦਾਸ ਮਹਾਰਾਜ ਦੀ ਰਚਿਤ ਅੰਮ੍ਰਿਤਮਈ ਬਾਣੀ ਦੇ ਪਾਠ ਦੇ ਭੋਗ ਪਾਉਣ ਮੌਕੇ ਪ੍ਰਵਚਨ ਕਰਦਿਆਂ ਪ੍ਰਗਟਾਏ। ਉਨਾਂ ਸੰਗਤ ਨੂੰ ਉਪਦੇਸ਼ ਦਿੰਦਿਆਂ ਕਿਹਾ ਕਿ ਜਦ ਤੱਕ ਜੀਓ, ਹੱਸ-ਹੱਸ ਕੇ ਪ੍ਰਸੰਨਤਾ ਪੂਰਵਕ ਜੀਓ। ਨਿਰੰਤਰ ਅਪਣਾ ਸੁਧਾਰ ਕਰਦੇ ਹੋਏ ਦੂਜਿਆਂ ਦੀ ਸ਼ਿਕਾਇਤ ਕਰਨ ਤੋਂ ਬਚੋ। ਕੱਟੜਤਾ, ਸੰਦੇਹ, ਹੰਕਾਰ, ਲੋਭ ਤੇ ਸਵਾਰਥਭਾਵ ਆਦਿ ਨੂੰ ਛੱਡ ਕੇ ਸਭ ਨਾਲ ਮਿੱਠੇ ਵਚਨ ਤੇ ਨਿਮਰਤਾਪੂਰਵਕ ਵਿਵਹਾਰ ਕਰਨ 'ਤੇ ਸਭ ਦੀ ਅਪਾਰ ਦ੍ਰਿਸ਼ਟੀ ਸਾਡੇ ਪਰ ਬਣੀ ਰਹੇਗੀ। ਸਵਾਮੀ ਬ੍ਰਹਮਸਰੂਪ ਗਿਰੀ ਛੁਡਾਣੀ ਧਾਮ ਵਾਲਿਆਂ ਨੇ ਆਖਿਆ ਕਿ ਇਨਸਾਨ ਦੀ ਜ਼ਿੰਦਗੀ 'ਚ ਐਸ਼ੋ ਆਰਾਮ ਸਹਿਤ ਹਰ ਤਰ੍ਹਾਂ ਦੇ ਪਦਾਰਥ ਮੌਜੂਦ ਹਨ, ਪਰੰਤੂ ਫਿਰ ਵੀ ਉਹ ਦੁੱਖਾਂ ਤੋਂ ਪੀੜਤ ਹੈ। ਇਸਦਾ ਇਕੋ-ਇਕ ਮੂਲ ਕਾਰਨ ਇਨਸਾਨ ਦਾ ਨਾਮ ਭਜਨ ਤੋਂ ਬੇਮੁੱਖ ਹੋਣਾ ਹੈ। ਸਵਾਮੀ ਪਾਲਾ ਨੰਦ ਦੜੌਲੀ ਵਾਲਿਆਂ ਨੇ ਕਿਹਾ ਕਿ ਮਨ ਦੀ ਸ਼ਾਂਤੀ ਤੇ ਭੌਤਿਕ ਸੁੱਖਾਂ ਦੀ ਪ੍ਰਾਪਤੀ ਸਿਰਫ ਸਿਮਰਨ ਤੇ ਭਜਨ ਬੰਦਗੀ ਨਾਲ ਹੀ ਹੋ ਸਕਦੀ ਹੈ। ਸਮਗਾਮ ਦੌਰਾਨ ਵਿਧਾਇਕ ਦਿਨੇਸ਼ ਚੱਢਾ ਦੀ ਤਰਫ਼ੋਂ ਵਿਸ਼ੇਸ਼ ਰੂਪ 'ਚ ਪਹੁੰਚੇ ਉਨਾਂ ਦੇ ਪਿਤਾ ਰਾਮ ਪ੍ਰਸ਼ਾਦ ਪਾਲੀ ਨੇ ਵੀ ਸੰਤਾਂ ਦਾ ਅਸ਼ੀਰਵਾਦ ਲਿਆ। ਸਮਾਗਮ ਦੌਰਾਨ ਸੇਵਾਦਲ ਦੇ ਪ੍ਰਧਾਨ ਬਲਜੀਤ ਚੌਧਰੀ, ਅਮਨ ਚੱਢਾ, ਦੀਪਕ ਪੁਰੀ, ਅਸ਼ੋਕ ਬਾਠ ਤੋਂ ਇਲਾਵਾ ਸਵਾਮੀ ਰਾਮਇਸ ਮੌਕੇ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਜਿਸਦਾ ਉਦਘਾਟਨ ਸਵਾਮੀ ਅਨਮੋਲਕਾ ਨੰਦ ਮਹਾਰਾਜ ਨੇ ਕੀਤਾ। ਇਸ ਤੋਂ ਪਹਿਲਾਂ ਖੂਨਦਾਨ ਕੈਂਪ 'ਚ ਬਲੱਡ ਬੈਂਕ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਤੋਂ ਇੰਚਾਰਜ ਰਾਣਾ ਬਖਤਾਵਰ ਸਿੰਘ ਦੀ ਅਗਵਾਈ 'ਚ ਪਹੁੰਚੀ ਟੀਮ ਨੇ ਨੌਜਵਾਨਾਂ ਤੋਂ 110 ਯੂਨਿਟ ਖੂਨ ਇਕੱਤਰ ਕੀਤਾ। ਦਾਸ, ਸਵਾਮੀ ਸੰਪੂਰਨਾਨੰਦ, ਸਵਾਮੀ ਸਾਗਰਾਨੰਦ, ਸਵਾਮੀ ਰਾਮਾਨੰਦ, ਸਵਾਮੀ ਧਰੁਵ ਬ੍ਰਹਮਚਾਰੀ, ਸਵਾਮੀ ਸਹਿਦਾਸ ਤੇ ਸਵਾਮੀ ਭਰਤਦਾਸ ਸਹਿਤ ਵੱਡੀ ਗਿਣਾਂਤੀ 'ਚ ਸੰਗਤਾਂ ਹਾਜ਼ਰ ਸਨ।

ਜਾਨਵਰਾਂ ਉੱਪਰ ਹੁੰਦੇ ਅੱਤਿਆਚਾਰ ਨੂੰ ਰੋਕਣ ਲਈ ਹੋਰ ਪ੍ਰਭਾਵੀ ਕਦਮ ਚੁੱਕਣ ਦੀ ਲੋੜ

ਕਪੂਰਥਲਾ (ਰਵਿੰਦਰ ਸਿੰਘ) ਸੋਸਾਇਟੀ ਫਾਰ ਪ੍ਰੀਵੈਨਸ਼ਨ ਆਫ ਕਰੂਐਲਟੀ ਟੂ ਐਨੀਮਲਜ਼ ਦੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀਮਤੀ ਪਰਮਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ । ਉਨ੍ਹਾਂ ਦੇ ਨਾਲ ਐਸ.ਡੀ.ਐਮ ਸੁਲਤਾਨਪੁਰ ਲੋਧੀ ਚੰਦਰਾਜੋਤੀ, ਐਸ.ਡੀ.ਐਮ. ਕਪੂਰਥਲਾ ਲਾਲ ਵਿਸ਼ਵਾਸ ਬੈਂਸ ਵੀ ਹਾਜਰ ਸਨ। ਵਧੀਕ ਡਿਪਟੀ ਕਮਿਸ਼ਨਰ ਵਲੋਂ ਮੀਟਿੰਗ ਵਿੱਚ ਜਾਨਵਰਾਂ ਖਿਲਾਫ ਹੁੰਦੇ ਅੱਤਿਆਚਾਰ ਨੂੰ ਰੋਕਣ ਬਾਰੇ ਚਰਚਾ ਵਿਸਥਾਰਪੂਰਵਕ ਚਰਚਾ ਕੀਤੀ ਗਈ।

ਉਨ੍ਹਾਂ ਵਲੋਂ ਵੱਖ-ਵੱਖ ਜਾਨਵਰਾਂ ਲਈ ਸ਼ੈੱਡ ਬਣਾਉਣ ਅਤੇ ਜਖਮੀ ਜਾਨਵਰਾਂ ਲਈ ਐਂਬੂਲੈਂਸ ਦੀ ਖਰੀਦ ਕਰਨ ਸਬੰਧੀ ਹੁਣ ਤੱਕ ਦੀ ਹੋਈ ਪ੍ਰਗਤੀ ਦਾ ਵੀ ਜਾਇਜਾ ਲਿਆ ਗਿਆ । ਇਸ ਮੌਕੇ ਉਨ੍ਹਾਂ ਵਲੋਂ ਐਸ.ਡੀ.ਐਮ ਸੁਲਤਾਨਪੁਰ ਲੋਧੀ ਚੰਦਰਾਜੋਤੀ ਨੂੰ ਸੋਸਾਇਟੀ ਦੇ ਸਰਕਾਰੀ ਗਊਸ਼ਾਲਾ ਕਮਾਲਪੁਰ ਵਿਖੇ ਸ਼ੈਲਟਰ ਦਾ ਪ੍ਰਬੰਧਕ ਨਿਯੁਕਤ ਕੀਤਾ ਗਿਆ। ਡਿਪਟੀ ਡਾਇਰੈਕਟਰ,ਪਸ਼ੂ ਪਾਲਣ ਕਪੂਰਥਲਾ ਡਾ. ਆਰ.ਪੀ.ਸਿੰਘ ਵੱਲੋਂ ਸੋਸਾਇਟੀ ਦੇ ਪਿਛੋਕੜ ਅਤੇ ਮੰਤਵ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀ.ਐਸ.ਪੀ. ਕਪੂਰਥਲਾ ਅਸ਼ੋਕ ਕੁਮਾਰ, ਡਾ. ਰਮਨ ਕੁਮਾਰ ਸਹਾਇਕ ਡਾਇਰੈਕਟਰ ਪਸ਼ੂ ਪਾਲਣ (ਏ.ਪੀ) ਡਾ. ਬਲਵਿੰਦਰ ਸਿੰਘ ਸਹਾਇਕ ਡਾਇਰੈਕਟਰ ਪਸ਼ੂ ਪਾਲਣ (ਏ.ਐਚ), ਡਾ. ਰਮੇਸ਼ ਸ਼ਰਮਾ ਵੈਟਰਨਰੀ ਅਫਸਰ, ਬਿਕਰਮਜੀਤ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਸ੍ਰੀਮਤੀ ਨੰਦਾ ਧਵਨ ਉਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਅਤੇ ਰਕੇਸ਼ ਚੋਪੜਾ ਪ੍ਰਧਾਨ ਗਊਸ਼ਾਲਾ ਕਮੇਟੀ ਕਪੂਰਥਲਾ ਹਾਜਰ ਸਨ।

ਪਾਵਰਕਾਮ ਤੇ ਟਰਾਂਸਕੋ ਯੂਨੀਅਨ ਦੀ ਅਗਵਾਈ 'ਚ ਪੈਨਸ਼ਨਰਾਂ ਮਨਾਇਆ 'ਮੰਗ ਦਿਵਸ'

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੰਡਲ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਸਟੇਟ ਕਮੇਟੀ ਦੇ ਫੈਸਲੇ ਅਨੁਸਾਰ ਯੂਨੀਅਨ ਆਗੂ ਹਰੀਚੰਦ ਦੀ ਪ੍ਰਧਾਨਗੀ ਹੇਠ ਸਿੰਘਪੁਰ ਵਿਖੇ 'ਮੰਗ ਦਿਵਸ' ਮਨਾਇਆ ਗਿਆ। ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਰਾਧੇ ਸ਼ਿਆਮ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨਾਂ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਬੋਰਡ ਮੈਨੇਜਮੈਂਟ ਵੱਲੋਂ 17 ਦੇ ਸੂਬਾਈ ਧਰਨੇ ਨੂੰ ਦੇਖਦਿਆਂ ਜਥੇਬੰਦੀ ਨੂੰ 2 ਜੂਨ ਨੂੰ ਮੁਲਾਕਾਤ ਦਾ ਸਮਾਂ ਦਿੱਤਾ ਗਿਆ ਹੈ। ਉਨਾਂ ਆਖਿਆ ਕਿ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਸਰਕਾਰ ਤੇ ਮੈਨੇਜਮੈਂਟ ਵੱਲੋਂ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਜਿਸ ਕਾਰਨ ਇਨਾਂ ਪੈਨਸ਼ਨਰਾਂ 'ਚ ਮੈਨੇਜਮੈਂਟ ਤੇ ਸਰਕਾਰ ਪ੍ਰਤੀ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਉਨਾਂ ਮੰਗ ਕੀਤੀ ਕਿ ਡਿਵੈੱਲਪਮੈਂਟ ਦੇ ਨਾਂਅ 'ਤੇ ਜ਼ਬਰਨ ਕੱਟਿਆ 12 ਕਰੋੜ ਰੁਪਏ ਦਾ ਫੰਡ ਵਾਪਿਸ ਕੀਤਾ ਜਾਵੇ, ਡਿਊਟੀ ਦੌਰਾਨ ਦੁਰਘਟਨਾ ਦਾ ਸ਼ਿਕਾਰ ਹੋਏ ਕਰਮਚਾਰੀਆਂ ਦੀ ਫੈਮਿਲੀ ਪੈਨਸ਼ਨਰਜ਼ ਨੂੰ 10 ਲੱਖ ਰੁਪਏ ਐਕਸ-ਗ੍ਰੇਸ਼ੀਆ ਦਿੱਤੀ ਜਾਵੇ, 23 ਸਾਲਾ ਲਾਭ ਬਿਨਾਂ ਸ਼ਰਤ ਦਿੱਤਾ ਜਾਵੇ, 1 ਦਸੰਬਰ 2021 ਤੋਂ ਪੇ-ਬੈਂਡ ਲਾਗੂ ਕੀਤਾ ਜਾਵੇ, 2.59 ਦੇ ਗੁਣਾਂਕ ਨਾਲ ਪੈਨਸ਼ਨ ਸ਼ੋਧ ਕੇ ਹਰ ਪ੍ਰਕਾਰ ਦਾ ਏਰੀਅਰ ਦਿੱਤਾ ਜਾਵੇ ਅਤੇ ਕੈਸ਼ਲੈੱਸ ਮੈਡੀਕਲ ਸਹੂਲਤ ਲਾਗੂ ਕੀਤੀ ਜਾਵੇ । ਇਸ ਮੌਕੇ ਸਰਕਲ ਪ੍ਰਧਾਨ ਇੰਜ. ਮਦਨ ਗੋਪਾਲ ਲਖਣੌਂ ਨੇ ਦੱਸਿਆ ਕਿ ਸਰਕਲ ਰੋਪੜ ਅਧੀਨ ਪੈਂਦੀਆਂ ਮੋਰਿੰਡਾ, ਸਮਰਾਲਾ, ਰੋਪੜ ਅਤੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਵੀ ਜਥੇਬੰਦੀ ਦੀਆਂ ਹਦਾਇਤਾਂ ਤਹਿਤ ਪੈਨਸ਼ਨਰਾਂ ਵੱਲੋਂ ਰੋਸ਼ ਰੈਲੀਆਂ ਦੀ ਬਜਾਏ ਮੰਗ ਦਿਵਸ ਮਨਾਇਆ ਗਿਆ। ਜਥੇਬੰਦੀ ਦੇ ਆਗੂ ਚਰਨ ਦਾਸ ਨੇ ਮੰਗ ਕੀਤੀ ਕਿ 2 ਜੂਨ ਦੀ ਮੀਟਿੰਗ ਦੌਰਾਨ ਉਕਤ ਸਮੁੱਚੀਆਂ ਮੰਗਾਂ ਨੂੰ ਪ੍ਰਵਾਨ ਕਰਕੇ ਪੈਨਸ਼ਨਰਾਂ 'ਚ ਪਾਏ ਜਾ ਰਹੇ ਗੁੱਸੇ ਨੂੰ ਸ਼ਾਂਤ ਕੀਤਾ ਜਾਵੇ। ਇਸ ਮੌਕੇ ਗੱਜਣ ਸਿੰਘ, ਰੁਲੀਆ ਰਾਮ, ਅਵਤਾਰ ਚੰਦ, ਸ਼ਿੰਗਾਰਾ ਸਿੰਘ, ਤਿਲਕ ਰਾਜ ਅਜੌਲੀ, ਗੁਰਜੀਤ ਸਿੰਘ ਅਤੇ ਨਿਰਮਲ ਸਿੰਘ ਆਦਿ ਯੂਨੀਅਨ ਆਗੂ ਅਤੇ ਪੈਨਸ਼ਨਰਜ਼ ਹਾਜ਼ਰ ਸਨ।

ਮੋਟਰਸਾਈਕਲ ਸਵਾਰ ਬੱਕਰੀਆਂ ਦੇ ਵਾੜੇ 'ਚੋਂ 3 ਛੇਲੂ ਚੁੱਕ ਕੇ ਫਰਾਰ

ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)-ਦੇਰ ਰਾਤ ਪਿੰਡ ਗੁਰਸੇਮਾਜਰਾ ਵਿਖੇ 2 ਮੋਟਰਸਾਈਕਲ ਸਵਾਰ ਵਿਅਕਤੀ ਬੱਕਰੀਆਂ ਵਾੜੇ 'ਚੋਂ 3 ਛੇਲੂ ਚੁੱਕ ਕੇ ਫਰਾਰ ਹੋ ਗਏ। ਜਿਸ ਸਬੰਧੀ ਪੀੜਤ ਆਜੜੀ ਨੇ ਸਥਾਨਕ ਥਾਣੇ ਵਿਖੇ ਪੁਲਸ ਨੂੰ ਲਿਖਤ ਸ਼ਿਕਾਇਤ ਦਿੱਤੀ ਹੈ। ਜਸਵੰਤ ਸਿੰਘ ਪੁੱਤਰ ਮੋਹਨ ਸਿੰਘ ਨੇ ਦੱਸਿਆ ਕਿ ਉਹ ਬੱਕਰੀਆਂ ਦਾ ਧੰਦਾ ਕਰਦਾ ਹੈ ਅਤੇ ਉਸਦੇ ਗੁਰਸੇਮਾਜਰਾ ਸਥਿਤ ਵਾੜੇ 'ਚ ਵੱਡੀ ਗਿਣਤੀ 'ਚ ਬੱਕਰੀਆਂ ਅਤੇ ਛੋਟੇ ਛੇਲੂ ਹਨ। ਉਸਨੇ ਦੱਸਿਆ ਕਿ ਰਾਤ ਕਰੀਬ ਸਾਢੇ 11 ਕੁ ਵਜੇ ਉਹ ਅਤੇ ਉਸਦਾ ਲੜਕਾ ਮਨਜਿੰਦਰ ਸਿੰਘ ਵਾੜੇ ਲਾਗੇ ਬਾਜਰੇ ਦੀ ਫਸਲ ਨੂੰ ਪਾਣੀ ਲਗਾ ਰਹੇ ਸਨ। ਇਸ ਦੌਰਾਨ ਜਦੋਂ ਉਨਾਂ ਛੇਲੂਆਂ ਦੀਆਂ ਉੱਚੀ-ਉੱਚੀ ਆਵਾਜ਼ਾਂ ਸੁਣੀਆਂ ਤਾਂ ਉਸਦਾ ਲੜਕਾ ਭੱਜ ਕੇ ਵਾੜੇ ਪਹੁੰਚਿਆ। ਉਸਨੇ ਦੇਖਿਆ ਕਿ 2 ਮੋਟਰਸਾਈਕਲ ਸਵਾਰ ਵਿਅਕਤੀ ਉਨਾਂ ਦੇ ਵਾੜੇ 'ਚੋਂ ਢਾਈ-ਢਾਈ ਮਹੀਨੇ ਦੇ 3 ਛੇਲੂ ਬੋਰੀ 'ਚ ਪਾ ਕੇ ਅਤੇ ਮੋਟਰਸਾਈਕਲ 'ਤੇ ਲੱਦ ਕੇ ਹਨੇਰੇ ਦਾ ਲਾਭ ਉਠਾਉਂਦਿਆਂ ਫਰਾਰ ਹੋ ਗਏ। ਆਜੜੀ ਜਸਵੰਤ ਸਿੰਘ ਨੇ ਦੱਸਿਆ ਕਿ ਉਸਦੇ ਲੜਕੇ ਨੇ ਆਪਣੇ ਮੋਬਾਈਲ ਨਾਲ ਭੱਜਦੇ ਹੋਏ ਚੋਰਾਂ ਦੀ ਵੀਡੀਓ ਵੀ ਬਣਾ ਲਈ ਹੈ ਅਤੇ ਥਾਣੇ ਵਿਖੇ ਪਹੁੰਚ ਕੇ ਪੁਲਸ ਨੂੰ ਜਾਣਕਾਰੀ ਦੇ ਦਿੱਤੀ। ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਵੀ ਉਕਤ ਆਜੜੀ ਦੇ ਬਾੜੇ 'ਚੋਂ 3 ਛੇਲੂ ਚੋਰੀ ਹੋਏ ਸਨ। ਜਿਸ ਸਬੰਧੀ ਪੁਲਸ ਨੇ ਚੋਰੀ ਦਾ ਮਾਮਲਾ ਦਰਜ ਕੀਤਾ ਸੀ। ਵਾਰ-ਵਾਰ ਚੋਰੀ ਦੀਆਂ ਵਾਰਦਾਤਾਂ ਕਾਰਨ ਆਜੜੀ ਪ੍ਰੇਸ਼ਾਨੀ ਦੇ ਆਲਮ 'ਚ ਹੈ। ਇਕ ਪੁਲਸ ਅਧਿਕਾਰੀ ਨੇ ਪੁੱਛਣ 'ਤੇ ਦੱਸਿਆ ਕਿ ਆਜੜੀ ਵੱਲੋਂ ਪਛਾਣ ਕੀਤੇ ਗਏ ਦੋਸ਼ੀਆਂ ਨੂੰ ਪੁਛਗਿੱਛ ਲਈ ਥਾਣੇ ਬੁਲਾਇਆ ਗਿਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 28 ਨੂੰ ਮਨਾਇਆ ਜਾਵੇਗਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) -ਨੂਰਮਹਿਲ ਦੀਆਂ ਸੰਗਤਾਂ ਵਲੋਂ ਪੰਜਵੀਂ ਪਾਤਸ

20-MAY-PAGE-10.qxd 5/19/2023 9:45 PM Page 1

ਪਹਿਲਵਾਨਾਂ ਦੇ ਹੱਕ 'ਚ ਕਿਸਾਨ ਜਥੇਬੰਦੀਆਂ ਨੇ ਪੁਤਲੇ ਫੂਕੇ

ਕਿਸਾਨ ਜਥੇਬੰਦੀਆਂ ਦੇ ਆਗੂ ਪੁਤਲੇ ਫੂਕਣ ਸਮੇਂ ਨਾਹਰੇਬਾਜ਼ੀ ਕਰਦੇ ਹੋਏ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਪਰ ਦਿੱਲੀ ਵਿਖੇ ਇੰਨਸਾਫ ਲਈ ਪਿਛਲੇ ਲੰਮੇਂ ਸਮੇਂ ਤੋਂ ਜੰਤਰ ਮੰਤਰ 'ਤੇ ਧਰਨਾ ਦੇ ਰਹੀਆਂ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਤੇ ਦੋਸ਼ੀਆਂ ਸਜ਼ਾ ਦਿਵਾਉਣ ਲਈ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਬ੍ਰਿਜ ਭੂਸ਼ਨ ਦੇ ਪੁਤਲੇ ਫੂਕੇ। ਇਸੇ ਦੌਰਾਨ ਇਕੱਤਰ ਹੋਏ ਕਿਸਾਨਾਂ ਨੇ ਮੁਲਜ਼ਮਾਂ ਤੇ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਕਲਵੰਤ ਸਿੰਘ ਮੌਲਵੀਵਾਲਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਹਰਭਜਨ ਸਿੰਘ ਧੂਹੜ, ਸੁਖਦੇਵ ਸਿੰਘ ਹਰਿਆਊ, ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੇ ਯਾਦਵਿੰਦਰ ਸਿੰਘ ਬੁਰੜ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਬਿਕਰਮਜੀਤ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਸੰਗੀਨ ਧਰਾਵਾਂ ਤਹਿਤ ਕੇਸ ਦਰਜ ਹੋਣ ਦੇ ਬਾਵਜੂਦ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਨਾ ਹੋਣੀ ਸਰੇਆਮ ਕਨੂੰਨ ਦੀ ਉਲੰਘਣਾ ਹੈ। ਭਾਰਤ ਸਰਕਾਰ ਨੇ ਜੇਕਰ ਦੋਸ਼ੀ ਨੂੰ ਤੁਰੰਤ ਗ੍ਰਿਫ਼ਤਾਰ ਨਾ ਕੀਤਾ ਤਾਂ ਸੰਯੁਕਤ ਕਿਸਾਨ ਮੋਰਚਾ ਆਉਣ ਵਾਲੇ ਸਮੇਂ ਅੰਦੋਲਨ ਦੀ ਅਗਵਾਈ ਕਰ ਰਹੇ ਪਹਿਲਵਾਨਾਂ ਵੱਲੋਂ ਜੋ ਵੀ ਪ੍ਰੋਗਰਾਮ ਦਿੱਤਾ ਜਾਵੇਗਾ, ਉਸ ਦੇ ਤਹਿਤ ਇੰਨਸਾਫ ਲਈ ਸੰਘਰਸ਼ ਹੋਰ ਤੇਜ਼ ਕਰੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਜਗਜੀਤ ਸਿੰਘ ਦੁਗਾਲ, ਰਾਮ ਚੰਦ ਚੁਨਗਰਾ, ਸਾਹਿਬ ਸਿੰਘ, ਸੂਬੇਦਾਰ ਨਰਾਤਾ ਸਿੰਘ ਆਦਿ ਹਾਜ਼ਰ ਸਨ।

ਤੇਜ਼ ਝੱਖੜ ਕਾਰਨ ਮੋਬਾਈਲ ਟਾਵਰ ਟੁੱਟਿਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਦੇਰ ਰਾਤ ਚੱਲੇ ਤੇਜ਼ ਝੱਖੜ ਕਾਰਨ ਮਾਛੀਵਾੜਾ ਦੇ ਹਰਮਿਲਾਪੀ ਮੁਹੱਲੇ ਵਿੱਚ ਲੱਗਿਆ ਮੋਬਾਈਲ ਟਾਵਰ ਟੁੱਟ ਗਿਆ, ਜਿਸ ਕਾਰਨ ਆਸ-ਪਾਸ ਬਣੇ ਘਰਾਂ ਦੇ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਹਿਰ ਦੀ ਘਣੀ ਅਬਾਦੀ ਹਰਮਿਲਾਪੀ ਮੁਹੱਲੇ 'ਚ ਲੱਗੇ ਮੋਬਾਇਲ ਟਾਵਰ ਦਾ ਸਮਾਨ ਤੇਜ਼ ਝੱਖੜ ਕਾਰਨ ਆਸ-ਪਾਸ ਦੇ ਘਰਾਂ ਵਿੱਚ ਡਿੱਗਣ ਲੱਗਾ ਤੇ ਖੜਕਾ ਸੁਣ ਲੋਕ ਬਾਹਰ ਤੋਂ ਬਾਹਰ ਨਿਕਲ ਆਏ। ਤੂਫ਼ਾਨ ਕਾਰਨ ਮੋਬਾਇਲ ਟਾਵਰ ਦਾ ਉੱਪਰਲਾ ਹਿੱਸਾ ਟੁੱਟ ਗਿਆ ਤੇ ਲੋਕਾਂ ਨੂੰ ਚਿੰਤਾ ਸਤਾਉਣ ਲੱਗ ਪਈ ਕਿ ਜੇਕਰ ਸਾਰਾ ਟਾਵਰ ਡਿੱਗ ਗਿਆ ਤਾਂ ਮੁਹੱਲੇ 'ਚ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਕੁਝ ਸਮੇਂ ਬਾਅਦ ਜਦੋਂ ਤੂਫ਼ਾਨ ਰੁਕਿਆ ਤਾਂ ਲੋਕਾਂ ਨੇ ਸੁੱਖ ਦਾ ਸਾਹ ਲਿਆ ਤੇ ਉਹ ਆਪਣੇ ਘਰਾਂ ਵਿੱਚ ਜਾ ਕੇ ਸੁੱਤੇ। ਸਵੇਰੇ ਉੱਠ ਕੇ ਮੁਹੱਲਾ ਨਿਵਾਸੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਘਣੀ ਅਬਾਦੀ 'ਚੋਂ ਮੋਬਾਇਲ ਟਾਵਰ ਨੂੰ ਬਾਹਰ ਕੱਢਣਾ ਚਾਹੀਦਾ ਹੈ, ਜਿਸ ਨਾਲ ਕਦੇ ਵੀ ਕੋਈ ਅਣਹੋਣੀ ਘਟਨਾ ਵਾਪਰ ਸਕਦੀ ਹੈ। ਦੂਸਰੇ ਪਾਸੇ ਤੂਫ਼ਾਨ ਕਾਰਨ ਮਾਛੀਵਾੜਾ ਇਲਾਕੇ ਵਿੱਚ ਸੜਕਾਂ 'ਤੇ ਕਾਫ਼ੀ ਦਰੱਖਤ ਡਿੱਗੇ ਦਿਖਾਈ ਦਿੱਤੇ ਤੇ ਬਿਜਲੀ ਦੇ ਖੰਭੇ ਵੀ ਟੁੱਟ ਗਏ। ਅੱਜ ਸਾਰਾ ਦਿਨ ਮਾਛੀਵਾੜਾ ਇਲਾਕੇ ਵਿਚ ਬਿਜਲੀ ਸਪਲਾਈ ਪੂਰੀ ਤਰ੍ਹਾਂ ਠੱਪ ਰਹੀ ਤੇ ਲੋਕਾਂ ਦਾ ਜਨ-ਜੀਵਨ ਪ੍ਰਭਾਵਿਤ ਰਿਹਾ। ਪਾਵਰਕਾਮ ਵਿਭਾਗ ਵਲੋਂ ਟੁੱਟੇ ਖੰਭਿਆਂ ਦੀ ਮੁਰੰਮਤ ਜਾਰੀ ਸੀ ਤੇ ਕੁਝ ਹੀ ਇਲਾਕਿਆਂ ਵਿੱਚ ਬਿਜਲੀ ਸਪਲਾਈ ਬਹਾਲ ਹੋ ਸਕੀ।

ਆਊਟਸੋਰਸ ਮੁਲਾਜ਼ਮਾਂ ਨੂੰ ਵਿਭਾਗਾਂ ਅਧੀਨ ਲੈ ਕੇ ਕੰਪਨੀਆਂ ਰਾਹੀਂ ਕੀਤਾ ਜਾ ਰਿਹਾ ਸ਼ੋਸ਼ਣ ਰੋਕਿਆ ਜਾਵੇ : ਹਰਵਿੰਦਰ ਸ਼ਰਮਾ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਵੱਖ-ਵੱਖ ਵਿਭਾਗਾਂ ਦੇ ਗਰੁੱਪ ਸੀ ਤੇ ਗਰੁੱਪ ਡੀ ਵਿੱਚ ਪਿਛਲੇ 10 ਸਾਲਾਂ ਤੋਂ ਕੰਮ ਕਰਦੇ ਆ ਰਹੇ ਐਡਹਾਕ, ਠੇਕਾ ਅਧਾਰਤ, ਦਿਹਾੜੀਦਾਰ, ਵਰਕਚਾਰਜ ਤੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਨੀਤੀ ਲਿਆਂਦੀ ਗਈ ਹੈ, ਪਰ ਇਸ ਨੀਤੀ ਵਿੱਚੋਂ ਆਊਟਸੋਰਸ ਮੁਲਾਜ਼ਮਾਂ ਨੂੰ ਬਾਹਰ ਰੱਖਿਆ ਗਿਆ ਹੈ, ਜੋ ਇਸ ਸਰਕਾਰ ਦੀ ਮੁਲਾਜ਼ਮਾਂ ਨਾਲ ਵਾਅਦਾ ਖਿਲਾਫੀ ਹੈ। ਇਹ ਬਿਆਨ ਜਾਰੀ ਕਰਦੇ ਹੋਏ 'ਪਾਵਰਕੌਮ ਟਰਾਂਸਕੋ ਆਊਟਸੋਰਸ ਵਰਕਰ ਯੂਨੀਅਨ ਏਟਕ ਪੰਜਾਬ' ਦੇ ਪ੍ਰਧਾਨ ਹਰਵਿੰਦਰ ਸ਼ਰਮਾ, ਜਨਰਲ ਸਕੱਤਰ ਸੰਦੀਪ ਖੱਤਰੀ, ਜਥੇਬੰਦਕ ਸਕੱਤਰ ਹਰਵਿੰਦਰ ਸਿੰਘ ਸੰਗਰੂਰ ਤੇ ਮੁੱਖ ਸਲਾਹਕਾਰ ਰਮਨਦੀਪ ਮੋਗਾ ਨੇ ਇੱਕ ਬਿਆਨ 'ਚ ਦੱਸਿਆ ਕਿ ਇਸ ਸਮੇਂ ਬਹੁਤੇ ਵਿਭਾਗਾਂ ਦਾ ਕੰਮ ਭਾਵੇਂ ਫੀਲਡ ਦਾ ਹੈ ਜਾਂ ਦਫ਼ਤਰਾਂ ਦਾ, ਬਹੁਤਾ ਆਊਟਸੋਰਸ ਮੁਲਾਜ਼ਮਾਂ ਦੇ ਸਹਾਰੇ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮੁਲਾਜ਼ਮ ਗੁਲਾਮੀ ਵਾਲੀ ਜੂਨ ਹੰਢਾਉਣ ਲਈ ਮਜਬੂਰ ਹਨ, ਕਿਉਂਕਿ ਇਨ੍ਹਾਂ ਤੋਂ ਨਿਗੂਣੀਆਂ ਤਨਖ਼ਾਹਾਂ ਤੇ ਦਿਨ-ਰਾਤ 12-12 ਘੰਟੇ ਤੱਕ ਕੰਮ ਲਿਆ ਜਾਂਦਾ ਹੈ ਅਤੇ ਐਤਵਾਰ ਦੀ ਛੁੱਟੀ ਦੇ ਪੈਸੇ ਵੀ ਕੱਟ ਲਏ ਜਾਂਦੇ ਹਨ। ਕੰਪਨੀਆਂ ਵਾਲੇ ਸਰਕਾਰ/ਅਦਾਰੇ ਤੋਂ ਪ੍ਰਤੀ ਮੁਲਾਜ਼ਮ 14,000 ਤੋਂ 18,000 ਰੁਪਏ ਵਸੂਲ ਕਰਕੇ ਮੁਲਾਜ਼ਮਾਂ ਨੂੰ 8500/ ਤੋਂ 11,000 ਰੁਪਏ ਦਿੰਦੇ ਹਨ।

ਮੁਲਾਜ਼ਮ ਆਗੂਆਂ ਨੇ 'ਮਾਨ' ਸਰਕਾਰ ਤੋਂ ਮੰਗ ਕੀਤੀ ਕਿ ਸਾਡਾ ਗਲਾ ਨਿਯੁਕਤੀ ਕੰਪਨੀਆਂ/ਠੇਕੇਦਾਰਾਂ ਤੋਂ ਛੁਡਵਾ ਕੇ ਸਰਕਾਰ/ਵਿਭਾਗ ਦੇ ਅਧੀਨ ਲਿਆਂਦਾ ਜਾਵੇ, ਬਰਾਬਰ ਕੰਮ ਲਈ ਬਰਾਬਰ ਤਨਖਾਹ ਦਾ ਅਸੂਲ ਲਾਗੂ ਕੀਤਾ ਜਾਵੇ, ਡਿਊਟੀ ਦੇ 8 ਘੰਟੇ ਨਿਸ਼ਚਿਤ ਕੀਤੇ ਜਾਣ ਤੇ ਵਾਧੂ ਕੰਮ ਲਈ ਓਵਰਟਾਈਮ ਦਿੱਤਾ ਜਾਵੇ ਅਤੇ ਡਿਊਟੀ ਦੌਰਾਨ ਹਾਦਸਾ ਹੋਣ 'ਤੇ ਪੱਕੇ ਮੁਲਾਜ਼ਮ ਵਾਂਗ ਮੁਆਵਜ਼ਾ ਦਿੱਤਾ ਜਾਵੇ।

ਡੀ ਏ ਵੀ ਸਕੂਲ 'ਚ ਵਾਦ-ਵਿਵਾਦ ਮੁਕਾਬਲਾ ਕਰਾਇਆ

ਭੀਖੀ (ਧਰਮਵੀਰ ਸ਼ਰਮਾ)-ਡੀ.ਏ.ਵੀ. ਪਬਲਿਕ ਸਕੂਲ ਵਿੱਚ ਵਾਦ-ਵਿਵਾਦ ਮੁਕਾਬਲਾ ਕਰਵਾਇਆ ਗਿਆ, ਜਿਸ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਪੜ੍ਹਨ ਦੇ ਹੁਨਰ ਨੂੰ ਵਿਕਸਿਤ ਕਰਨਾ ਹੈ। ਇਸ ਵਾਦ-ਵਿਵਾਦ ਮੁਕਾਬਲੇ ਦਾ ਮੁੱਖ ਵਿਸ਼ਾ ਸੀ-ਏਕਲ ਪਰਿਵਾਰ ਜਾਂ ਸੰਯੁਕਤ ਪਰਿਵਾਰ। ਅੱਜਕਲ ਬੱਚੇ ਪੜ੍ਹਾਈ ਦੇ ਨਾਲ-ਨਾਲ ਮੋਬਾਈਲ 'ਤੇ ਵੀ ਇੰਨੇ ਰੁਝੇ ਹੋਏ ਹਨ ਕਿ ਉਹ ਪਰਿਵਾਰ ਨਾਲ ਸਮਾਂ ਨਹੀਂ ਬਿਤਾਉਂਦੇ ਜੋ ਕਿ ਬਹੁਤ ਜ਼ਰੂਰੀ ਹੈ। ਪਰਿਵਾਰ ਸੰਯੁਕਤ ਹੋਣਾ ਚਾਹੀਦਾ ਹੈ ਭਾਵੇਂ ਇਕੱਲਾ ਹੋਵੇ। ਬੱਚਾ ਆਪਣੇ ਪਰਿਵਾਰ ਤੋਂ ਬਹੁਤ ਕੁਝ ਸਿੱਖਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖਿਆ ਸ਼ਿਸ਼ਟਾਚਾਰ ਸਿਖਾਉਂਦੀ ਹੈ, ਪਰ ਸਭ ਤੋਂ ਪਹਿਲਾਂ ਬੱਚਾ ਆਪਣੇ ਪਰਿਵਾਰ ਤੋਂ ਸ਼ਿਸ਼ਟਾਚਾਰ ਸਿੱਖਦਾ ਹੈ। ਵਿਦਿਆਰਥੀਆਂ ਨੇ ਏਕਲ ਪਰਿਵਾਰ ਤੇ ਸਾਂਝੇ ਪਰਿਵਾਰ ਦੇ ਹੱਕ ਵਿੱਚ ਆਪਣੇ ਸੁਤੰਤਰ ਵਿਚਾਰ ਪੇਸ਼ ਕੀਤੇ। ਸਕੂਲ ਪ੍ਰਿੰਸੀਪਲ ਵਿਨੋਦ ਰਾਣਾ ਨੇ ਬੱਚਿਆਂ ਨੂੰ ਦੱਸਿਆ ਕਿ ਸ਼ਹਿਰੀਕਰਨ, ਪੱਛਮੀ ਸੱਭਿਆਚਾਰ ਤੇ ਕਈ ਕਾਰਨਾਂ ਕਰਕੇ ਸੰਯੁਕਤ ਪਰਿਵਾਰ ਏਕਲ ਪਰਿਵਾਰਾਂ ਵਿੱਚ ਵੰਡੇ ਜਾ ਰਹੇ ਹਨ, ਪਰ ਸੰਯੁਕਤ ਪਰਿਵਾਰ ਜਾਂ ਸਿੰਗਲ ਪਰਿਵਾਰ ਵਿੱਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਸਕੂਲ ਪ੍ਰਿੰਸੀਪਲ ਵਿਨੋਦ ਰਾਣਾ ਵੱਲੋਂ ਬੱਚਿਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਉਨ੍ਹਾਂ ਦੇ ਆਤਮਵਿਸ਼ਵਾਸ ਵਿੱਚ ਵਾਧਾ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਪੜ੍ਹਨ ਦੇ ਹੁਨਰ ਦਾ ਵੀ ਵਿਕਾਸ ਹੋਵੇ। ਮੁਕਾਬਲੇ ਦੇ ਅੰਤ ਵਿੱਚ ਪ੍ਰਿੰਸੀਪਲ ਵੱਲੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀ ਕਾਰਗੁਜ਼ਾਰੀ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਐੱਸ ਐੱਸ ਪੀ ਨਵਨੀਤ ਬੈਂਸ ਸਨਮਾਨਤ

ਜਗਰਾਓਂ (ਨਛੱਤਰ ਸੰਧੂ)-ਏਕਤਾ ਹਿਊਮਨ ਰਾਈਟ ਬਿਓਰੋ ਪੰਜਾਬ ਦੀ ਟੀਮ ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਮੁਖੀ ਐੱਸ.ਐੱਸ.ਪੀ. ਨਵਨੀਤ ਸਿੰਘ ਬੈਂਸ ਨੂੰ ਮਿਲੀ। ਇਸ ਸਮੇਂ ਵਾਇਸ ਚੇਅਰਮੈਨ ਬਲਵਿੰਦਰ ਸਿੰਘ ਘੋਲੀਆ ਤੇ ਸਵਰਣਾ ਰਾਣੀ ਪ੍ਰਧਾਨ ਇਸਤਰੀ ਵਿੰਗ ਪੰਜਾਬ ਦੀ ਅਗਵਾਈ ਹੇਠ ਪ੍ਰਧਾਨ ਮਲਕੀਤ ਸਿੰਘ, ਭਾਈ ਰਜਿੰਦਰ ਸਿੰਘ ਘੁਮਾਣ, ਜੁਗਰਾਜ ਸਿੰਘ ਕਾਊਂਕੇ ਜ਼ਿਲ੍ਹਾ ਸਲਾਹਕਾਰ, ਕਰਮਜੀਤ ਕੌਰ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਆਸ਼ਾ ਰਾਣੀ ਜਰਨਲ ਸਕੱਤਰ, ਬੰਤਾ ਸਿੰਘ ਸਾਬਕਾ ਪ੍ਰਧਾਨ, ਓਂਕਾਰ ਸਿੰਘ ਕੋਕਰੀ ਬੁਟਰਾਂ, ਲਖਵੀਰ ਸਿੰਘ ਘੋਲੀਆ, ਬਲਵਿੰਦਰ ਸਿੰਘ ਕਾਊਂਕੇ ਨੇ ਜ਼ਿਲ੍ਹਾ ਪੁਲਸ ਮੁਖੀ ਨੂੰ ਮਿਲ ਕੇ ਏਰੀਏ ਚੋਂ ਨਸ਼ਾ ਤਸਕਰਾ ਦਾ ਖਾਤਮਾ ਕਰਨ ਬਾਰੇ ਵਿਚਾਰ ਦਿੱਤੇ ਤੇ ਕਿਹਾ ਕਿ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਚਾ ਕੇ ਤੰਦਰੁਸਤ ਜੀਵਨ ਜਿਉਣ ਲਈ ਪ੍ਰੇਰੀਏ ਤਾਂ ਕਿ ਨੌਜਵਾਨੀ ਤਕਨੀਕੀ ਸਿੱਖਿਆ ਹਾਸਲ ਕਰਕੇ ਵਤਨਪ੍ਰਸਤ ਬਣਨ। ਇਸ ਮੌਕੇ ਐੱਸ.ਐੱਸ.ਪੀ. ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਨਸ਼ਿਆਂ ਵਿਰੁੱਧ ਪੂਰੀ ਤਰ੍ਹਾਂ ਲਾਮਬੰਦ ਹੈ ਅਤੇ ਨਸ਼ਿਆਂ ਦੇ ਖਾਤਮੇ ਲਈ ਪੁਲਸ ਦਾ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ। ਇਸ ਸਮੇਂ ਏਕਤਾ ਹਿਊਮਨ ਰਾਈਟਸ ਬਿਓਰੋ ਦੇ ਵਾਇਸ ਚੇਅਰਮੈਨ ਬਲਵਿੰਦਰ ਸਿੰਘ ਘੋਲੀਆ ਤੇ ਉਨ੍ਹਾ ਦੀ ਟੀਮ ਵੱਲੋਂ ਐੱਸ.ਐੱਸ.ਪੀ. ਬੈਂਸ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਕਾਤਰਾਂ

ਮਿਸਤਰੀ ਸੰਮੇਲਨ ਕਰਵਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਮੇਨ ਬਜ਼ਾਰ ਵਿਖੇ ਸਥਿਤ ਬਾਂਸਲ ਮਿੱਲ ਸਟੋਰ ਹੋਡੋਂ ਵਾਲਿਆਂ ਵੱਲੋਂ ਮਿਸਤਰੀ ਸੰਮੇਲਨ ਕਰਵਾਇਆ ਗਿਆ। ਇਸ ਸੰਮੇਲਨ ਵਿੱਚ ਸੈਲਕੋ ਸਬਮਰਸੀਬਲ ਪੰਪ ਦੇ ਅਧਿਕਾਰੀਆਂ ਵੱਲੋਂ ਮਿਸਤਰੀਆਂ ਨੂੰ ਜਾਗਰੂਕ ਕੀਤਾ ਗਿਆ। ਕੰਪਨੀ ਦੇ ਐੱਮ. ਡੀ. ਇਮਰਾਨ ਸਲਾਓਦੀਨ ਨੇ ਸੰਮੇਲਨ 'ਚ ਭਾਗ ਲੈਣ ਵਾਲੇ ਮਿਸਤਰੀਆਂ ਨੂੰ ਦੱਸਿਆ ਕਿ ਸੈਲਕੋ ਸਬਮਰਸੀਬਲ ਪੰਪ ਨਵੀਂ ਤਕਨੀਕ ਨਾਲ ਤਿਆਰ ਕੀਤਾ ਹੋਇਆ ਹੈ ਜੋ ਕਿ ਘੱਟ ਬਿਜਲੀ ਖਰਚ ਕਰ ਵੱਧ ਪਾਣੀ ਦਿੰਦਾ ਹੈ। ਇਸ ਮੌਕੇ ਬਾਂਸਲ ਮਿੱਲ ਸਟੋਰ ਦੇ ਮਾਲਕ ਸੰਜੀਵ ਬਾਂਸਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਮੇਸ਼ਾ ਉੱਚ ਗੁਣਵੱਤਾ ਦਾ ਸਾਮਾਨ ਵੇਚਿਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਕੋਈ ਸਮੱਸਿਆ ਨਾ ਆਵੇ। ਇਸ ਮੌਕੇ ਰਜੇਸ਼ ਬਾਂਸਲ, ਪੰਕਜ ਬਾਂਸਲ, ਮਿਸਤਰੀ ਮੋਹਣ ਸਿੰਘ, ਸਤਨਾਮ ਸਿੰਘ, ਪ੍ਰੇਮ ਸਿੰਘ, ਜੀਵਨ ਭੂਖੜੀ, ਜੀਵਨ ਬਾਂਸਲ, ਸ਼ਿਵਮ ਬਾਂਸਲ, ਰਾਘਵ ਬਾਂਸਲ ਵੀ ਮੌਜੂਦ ਸਨ।

ਸ਼ੋਕ ਸਮਾਚਾਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਠੇਕੇਦਾਰ ਰਾਜਵੀਰ ਸਿੰਘ ਖੁਰਾਣਾ ਦੀ ਮਾਤਾ ਸਵ. ਗਿਆਨ ਕੌਰ ਨਮਿੱਤ ਭੋਗ ਤੇ ਅੰਤਿਮ ਅਰਦਾਸ 20 ਮਈ ਨੂੰ ਮਾਛੀਵਾੜਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।

ਦਾਨੀ ਸੱਜਣਾਂ ਵੱਲੋਂ ਸਕੂਲ ਨੂੰ ਵਿੱਤੀ ਯੋਗਦਾਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਇਕਨੋਮਿਕਸ ਦੇ ਲੈਕਚਰਾਰ ਰਹਿ ਚੁੱਕੇ ਸੁਰਿੰਦਰ ਕੌਰ ਨੇ ਸੰਸਥਾ ਦੇ ਭਲਾਈ ਫੰਡ ਵਿੱਚ ਪੰਜ ਹਜ਼ਾਰ ਰੁਪਏ ਦਾ ਵੱਡਮੁੱਲਾ ਯੋਗਦਾਨ ਪਾਇਆ ਹੈ। ਇਸੇ ਤਰ੍ਹਾਂ ਸੁਖਜੀਤ ਸਿੰਘ ਬਰਾੜ ਪੁੱਤਰ ਬਲਵੀਰ ਸਿੰਘ ਬਰਾੜ ਯੂ.ਐੱਸ.ਏ. ਵਾਲੇ ਪਿੰਡ ਚੋਟੀਆਂ ਠੋਬਾਂ ਨੇ ਵੀ ਪੰਜ ਹਜ਼ਾਰ ਰੁਪਏ ਭਲਾਈ ਫੰਡ ਵਿੱਚ ਦਿੱਤੇ ਤਾਂ ਕਿ ਲੜਕੀਆਂ ਲਈ ਖਰਚ ਕੀਤੇ ਜਾ ਸਕਣ। ਸੰਜੀਵ ਬਾਂਸਲ ਸਕੂਲ ਇੰਚਾਰਜ ਨੇ ਦੋਵਾਂ ਦਾਨੀ ਸੱਜਣਾਂ ਦਾ ਸਮੂਹ ਸਟਾਫ ਵੱਲੋਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਤੇ ਇਨ੍ਹਾਂ ਦੋਵਾਂ ਸੱਜਣਾਂ ਦੀ ਕਮਾਈ ਵਿੱਚ ਬਰਕਤ ਲਈ ਪਰਮਪਿਤਾ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਇਸ ਮੌਕੇ ਪ੍ਰਦੀਪ ਕੁਮਾਰ ਬਾਘਾ ਪੁਰਾਣਾ ਤੇ ਹੋਰ ਸਟਾਫ ਹਾਜ਼ਰ ਸੀ।

ਵਿਦਿਆਰਥੀ ਦੇ ਆਏ 7 ਬੈਂਡ

ਬਾਘਾਪੁਰਾਣਾ (ਮਨੀ ਸਿੰਗਲਾ)-ਇਮੀਗ੍ਰੇਸ਼ਨ ਪਲੈਨਰ' ਦੇ ਵਿਦਿਆਰਥੀ ਦੀਪਕ ਕੁਮਾਰ ਪੁਤਰ ਬਲਜੀਤ ਕੁਮਾਰ ਨੇ ਆਈਲੱਟਸ 'ਚੋਂ 7 ਬੈਂਡ ਹਾਸਲ ਕੀਤੇ ਹੈ। ਵਿਦਿਆਰਥੀ ਦੀਪਕ ਕੁਮਾਰ ਨੇ ਸਟਾਫ਼ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰ

20-May-PAGE-11.qxd 5/19/2023 10:01 PM Page 1

ਅਧਿਆਪਕਾਂ ਵੱਲੋਂ ਭਲਕੇ ਜ਼ਿਲ੍ਹਾ ਪੱਧਰੀ ਧਰਨੇ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਐਲਾਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਲੱਸਟਰ ਕੋਟ ਮੌਲਵੀ ਦੇ ਅਧਿਆਪਕਾਂ ਦੀ ਇੱਕ ਵਿਸ਼ੇਸ਼ ਮੀਟਿੰਗ ਗੁਰਦੁਆਰਾ ਭਾਈਸੂਰਾ ਵਿਖੇ ਹੋਈ। ਇਸ ਮੀਟਿੰਗ ਮੌਕੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੱਦੇ 'ਤੇ ਅਧਿਆਪਕਾ ਵੱਲੋਂ 21 ਮਈ ਨੂੰ ਜ਼ਿਲ੍ਹਾ ਪੱਧਰੀ ਧਰਨੇ 'ਚ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹੀਰਾ ਸਿੰਘ ਭੱਟੀ, ਸੁਖਜਿੰਦਰ ਸਿੰਘ, ਮੈਡਮ ਸੁਖਬੀਰ ਕੌਰ, ਗੁਰਪਾਲ ਸਿੰਘ, ਨਰਿੰਦਰ ਸਿੰਘ, ਰਜਵੰਤ ਕੌਰ ਸਮੇਤ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਬਲਾਕ ਦਫਤਰ ਡੇਰਾ ਬਾਬਾ ਨਾਨਕ -1 ਵੱਲੋਂ ਅਨਾਮਲੀਆਂ ਦੂਰ ਕਰ ਕੇ ਬਕਾਏ ਪਾਉਣ ਦਾ ਅਮਲ ਕਿਧਰੇ ਦਿਖਾਈ ਨਹੀਂ ਦੇ ਰਿਹਾ, ਉਨ੍ਹਾਂ ਕਿਹਾ ਕਿ ਜਦੋਂ ਵੀ ਸਬੰਧਤ ਅਧਿਕਾਰੀਆਂ ਨਾਲ ਅਧਿਆਪਕਾਂ ਦੇ ਬਕਾਏ ਪਾਉਣ ਦੀ ਗੱਲ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਸਾਨੂੰ ਫੋਕੇ ਲਾਰੇ ਲਾਉਣ ਤੋਂ ਸਿਵਾਏ ਅੱਜ ਤੱਕ ਕੁਝ ਵੀ ਕੁਝ ਵੀ ਨਹੀਂ ਦਿੱਤਾ ਗਿਆ। ਬਿਨਾਂ ਠੋਸ ਕਾਰਨਾਂ ਦੇ ਕੰਮ ਲਮਕਾਉਣਾ ਕਾਨੂੰਨ ਮੁਤਾਬਕ ਰਿਸ਼ਵਤ ਵੱਲ ਨੂੰ ਉਤਸ਼ਾਹਿਤ ਕਰਨਾ ਹੁੰਦਾ ਹੈ, ਇਨ੍ਹਾਂ ਖਦਸ਼ਿਆਂ ਕਰਕੇ ਅਧਿਆਪਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬੁਲਾਰਿਆਂ ਨੇ ਅੱਗੇ ਕਿਹਾ ਕਿ ਅਨਾਮਲੀਆਂ ਅਤੇ ਬਕਾਇਆਂ ਲਈ ਸੰਘਰਸ਼ ਦੀ ਤਿਆਰੀ ਵਜੋਂ ਸਾਰੇ ਕਲੱਸਟਰਾਂ 'ਚ ਮੀਟਿੰਗਾਂ ਕਰਕੇ ਜਲਦ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਅਤੇ ਸੰਘਰਸ਼ ਦੀ ਰੂਪ-ਰੇਖਾ ਤਿੰਨ ਦਿਸ਼ਾਵੀ ਘੜਨ ਲਈ ਚਰਚਾ ਕੀਤੀ ਜਾਵੇਗੀ। ਇਸ ਸੰਬੰਧੀ ਪੱਤਰਕਾਰਾ ਵੱਲੋਂ ਜਦੋ ਬਲਾਕ ਡੇਰਾ ਬਾਬਾ ਨਾਨਕ -1 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਤਰਸੇਮ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨਾਂ ਕਿਹਾ ਕਿ ਅਧਿਆਪਕਾਂ ਦੇ ਅਨਾਮਲੀਆਂ ਦੇ ਬਕਾਏ ਨੂੰ ਲੈ ਕੇ ਉਹ ਖੁਦ ਵੀ ਗੰਭੀਰ ਹਨ ਅਤੇ ਇਸ ਸੰਬੰਧੀ ਬੀਪੀਈਓ ਦਫਤਰ ਡੇਰਾ ਬਾਬਾ ਨਾਨਕ 1 ਵੱਲੋਂ ਕਾਨੂੰਨੀ ਪ੍ਰਕਿਰਿਆ ਜਾਰੀ ਹੈ, ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਅਨਾਮਲੀਆਂ ਦੇ ਬਕਾਏ ਬਹੁਤ ਹੀ ਜਲਦੀ ਅਧਿਆਪਕਾਂ ਦੇ ਖਾਤਿਆਂ ਵਿੱਚ ਪਾ ਦਿੱਤੇ ਜਾਣਗੇ ।

ਗਲੀ 'ਚ ਐਕਟਿਵਾ ਖੜ੍ਹੀ ਕਰਨ ਨੂੰ ਲੈ ਕੇ ਹੋਏ ਝਗੜੇ ਦੌਰਾਨ ਦੋ ਵਿਅਕਤੀ ਗੰਭੀਰ ਜ਼ਖਮੀ

ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਥਾਨਾ ਸਿਟੀ ਤਰਨ ਤਾਰਨ ਦੇ ਅਧੀਨ ਪੈਂਦੇ ਕਾਜ਼ੀਕੋਟ ਰੋਡ ਵਿਖੇ ਗਲੀ 'ਚ ਐਕਟਿਵਾ ਖੜ੍ਹੀ ਕਰਨ ਤੋਂ ਹੋਏ ਮਾਮੂਲੀ ਝਗੜੇ ਨੇ ਖੂਨੀ ਰੂਪ ਧਾਰਦਿਆਂ ਦੋ ਵਿਅਕਤੀਆਂ ਦੇ ਗੰਭੀਰ ਜ਼ਖਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ ਜਦਕਿ ਜ਼ਖਮੀਆਂ ਨੂੰ ਸਿਵਲ ਹਸਪਤਾਲ ਤਰਨ ਤਾਰਨ ਵਿਖੇ ਦਾਖਲ ਕਰਵਾਇਆ ਗਿਆ। ਇਸ ਸਬੰਧ ਵਿੱਚ ਕਥਿਤ ਤੌਰ 'ਤੇ ਦੋਸ਼ ਲਗਾਉਂਦਿਆਂ ਫੌਜੀ ਹਰਪ੍ਰੀਤ ਸਿੰਘ ਉਰਫ ਦੀਪਕ ਨੇ ਦੱਸਿਆ ਕਿ ਉਹ ਬਜ਼ਾਰ ਤੋਂ ਕੁਝ ਜ਼ਰੂਰੀ ਕੰਮ ਕਰਕੇ ਘਰ ਵਾਪਸ ਆਇਆ ਤਾਂ ਉਸਨੇ ਆਪਣੀ ਐਕਟਿਵਾ ਘਰ ਦੇ ਬਾਹਰ ਖੜੀ ਕਰ ਦਿੱਤੀ ਜਿਸ 'ਤੇ ਕੁਝ ਸਮੇਂ ਬਾਅਦ ਉਸਦੇ ਗੁਆਂਢੀ ਕਿਰਪਾਲ ਸਿੰਘ ਨੇ ਐਕਟਿਵਾ ਸਾਈਡ 'ਤੇ ਲਗਾਉਣ ਲਈ ਕਿਹਾ ਕਿ ਅਸੀਂ ਆਪਣੀ ਕਾਰ ਲੰਘਾਉਣੀ ਹੈ। ਮੈਨੂੰ ਐਕਟਿਵਾ ਸਾਈਡ 'ਤੇ ਕਰਨ ਲੱਗਿਆਂ ਥੋੜਾ ਸਮਾਂ ਲੱਗ ਗਿਆ ਜਿਸ 'ਤੇ ਉਕਤ ਵਿਅਕਤੀ ਕਿਰਪਾਲ ਸਿੰਘ ਉਸਨੂੰ ਗਾਲੀ ਗਲੋਚ ਕਰਨ ਲੱਗ ਪਿਆ ਜਿਸ ਤੇ ਉਨਾਂ ਦੀ ਤੂੰ ਤੂੰ ਮੈਂ ਮੈਂ ਹੋ ਗਈ। ਇਸੇ ਹੀ ਰੰਜਿਸ਼ ਤਹਿਤ ਉਕਤ ਵਿਅਕਤੀ ਕਿਰਪਾਲ ਸਿੰਘ ਨੇ ਆਪਣੇ 20 ਦੇ ਕਰੀਬ ਸਾਥੀਆਂ ਨਾਲ ਹਥਿਆਰਾਂ ਨਾਲ ਲੈਸ ਹੋ ਕੇ ਉਨ੍ਹਾਂ ਦੇ ਘਰ ਹਮਲਾ ਕਰ ਦਿੱਤਾ। ਦੁਕਾਨ ਦੀ ਤੋੜ ਭੰਨ੍ਹ ਕੀਤੀ ਤੇ ਘਰ ਵਿੱਚ ਮੌਜੂਦ ਉਸਦੀ ਮਾਂ ਤੇ ਘਰਵਾਲੀ ਦੀ ਵੀ ਸ਼ਰੇਆਮ ਕੁੱਟਮਾਰ ਕੀਤੀ। ਜਦਕਿ ਸਿਵਲ ਹਸਪਤਾਲ 'ਚ ਦਾਖਲ ਦੂਸਰੀ ਧਿਰ ਕਿਰਪਾਲ ਸਿੰਘ ਨੇ ਕਿਹਾ ਕਿ ਉਨਾਂ ਵੱਲੋਂ ਕੋਈ ਗੁੰਡਾਗਰਦੀ ਨਹੀਂ ਕੀਤੀ ਗਈ ਉਲਟਾ ਹਰਪ੍ਰੀਤ ਸਿੰਘ ਤੇ ਉਸਦੇ ਪਰਿਵਾਰ ਨੇ ਉਸਦੀ ਭਰਜਾਈ ਅਮਨਦੀਪ ਕੌਰ ਦੀ ਘਰ 'ਚ ਵੜ ਕੇ ਕੁੱਟਮਾਰ ਕੀਤੀ ਹੈ। ਥਾਨਾ ਸਿਟੀ ਤਰਨ ਤਾਰਨ ਦੇ ਏਐਸਆਈ ਬਲਜਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਤੇ ਦੋ ਵਿਅਕਤੀ ਜ਼ਖਮੀ ਹਨ। ਡਾਕਟਰੀ ਰਿਪੋਰਟ ਆਉਣ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਜੰਡਿਆਲਾ ਤੇ ਮਹਿਤਾ ਦਾਣਾ ਮੰਡੀਆਂ ਦੀ ਲਿਫਟਿੰਗ 5 ਦਿਨਾਂ 'ਚ ਮੁਕੰਮਲ ਕਰਨ ਦੇ ਹੁਕਮ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਜੰਡਿਆਲਾ ਦਾਣਾ ਮੰਡੀ ਵਿਖੇ ਕਣਕ ਦੀ ਲਿਫਟਿੰਗ ਨੂੰ ਲੈ ਕੇ ਉਚੇਚੇ ਤੌਰ 'ਤੇ ਪਹੁੰਚੇ ਅਤੇ ਸਬੰਧਤ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਉਂਦੇ 4-5 ਦਿਨਾਂ ਦੇ ਅੰਦਰ ਅੰਦਰ ਲਿਫਟਿੰਗ ਨੂੰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੇ ਵਾਰ ਹੋਇਆ ਹੈ ਕਿ ਕਣਕ ਦੀ ਖਰੀਦ ਦੀ ਅਦਾਇਗੀ 4 ਤੋਂ 6 ਘੰਟਿਆਂ ਵਿੱਚ ਹੀ ਕੀਤੀ ਗਈ ਹੈ। ਇਸ ਮੌਕੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਪ੍ਰੈੱਸ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਿਸਾਨਾਂ ਦੀ ਕਣਕ ਦਾ ਇਕ ਇਕ ਦਾਣਾ ਖਰੀਦ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੇਰੇ ਧਿਆਨ ਵਿੱਚ ਜਦੋਂ ਆਇਆ ਕਿ ਜੰਡਿਆਲਾ ਦਾਣਾ ਮੰਡੀ ਲਿਫਟਿੰਗ ਦੀ ਸਮੱਸਿਆ ਆ ਰਹੀ ਹੈ ਤਾਂ ਉਸੇ ਸਮੇਂ ਕਟਾਰੂਚੱਕ ਦੇ ਧਿਆਨ ਵਿੱਚ ਲਿਆਂਦਾ ਅਤੇ ਜਿਨਾਂ ਵੱਲੋਂ ਅੱਜ ਇਥੇ ਪਹੁੰਚ ਕੇ ਲਿਫਟਿੰਗ ਦੀ ਸਮੱਸਿਆ ਨੂੰ ਹੱਲ ਕੀਤਾ ਗਿਆ ਹੈ। ਬਿਜਲੀ ਮੰਤਰੀ ਨੇ ਦੱਸਿਆ ਕਿ ਝੋਨੇ ਦੇ ਸੀਜਨ ਦੌਰਾਨ ਕਿਸਾਨਾਂ ਨੂੰ ਬਿਜਲੀ ਦੀ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਬਿਜਲੀ ਕੱਟ ਲਗਾਇਆ ਜਾਵੇਗਾ। ਪ੍ਰੈੱਸ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਈਟੀਓ ਨੇ ਦੱਸਿਆ ਕਿ ਬਿਜਲੀ ਦੀਆਂ ਦਰਾਂ ਵਿੱਚ ਵਾਧੇ ਦਾ ਆਮ ਲੋਕਾਂ 'ਤੇ ਕੋਈ ਅਸਰ ਨਹੀਂ ਪਵੇਗਾ ਅਤੇ ਪਹਿਲੇ ਦੀ ਤਰ੍ਹਾਂ ਹੀ 90 ਫੀਸਦੀ ਲੋਕਾਂ ਦੇ ਬਿਜਲੀ ਬਿੱਲ ਜ਼ੀਰੋ ਆਉਣਗੇ। ਇਸ ਮੌਕੇ ਡੀ. ਐਫ. ਸੀ. ਅਮਨਜੀਤ ਸਿੰਘ, ਡੀ:ਐਮ ਮਾਰਕਫੈਡ ਗੁਰਪ੍ਰੀਤ ਸਿੰਘ ਸਿੱਧੂ, ਡੀ: ਐਮ ਪਨਸਪ ਗੁਰਵਿੰਦਰ ਸਿੰਘ, ਡੀ:ਐਮ ਵੇਅਰਹਾਊਸ ਗਗਨਦੀਪ ਸਿੰਘ ਰੰਧਾਵਾ, ਸਕੱਤਰ ਮਾਰਕੀਟ ਕਮੇਟੀ ਅਮਨਦੀਪ ਸਿੰਘ, ਜ਼ਿਲ੍ਹਾ ਜੰਗਲਾਤ ਅਫਸਰ ਰਾਜੇਸ਼ ਗੁਲਾਟੀ, ਸ਼ਨਾਖ ਸਿੰਘ, ਸੁਖਬੀਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਸੰਯੁਕਤ ਕਿਸਾਨ ਮੋਰਚੇ ਨੇ ਬ੍ਰਿਜ ਭੂਸ਼ਨ ਦਾ ਪੁਤਲਾ ਫੂਕਿਆ

ਮਜੀਠਾ (ਸੋਇਮ ਆਨੰਦ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਪਹਿਲਵਾਨ ਲੜਕੀਆਂ ਦੇ ਸ਼ੋਸ਼ਣ ਮਾਮਲੇ ਵਿੱਚ ਇਨਸਾਫ ਦਿਵਾਉਣ ਵਾਸਤੇ ਬੀ ਜੇ ਪੀ ਐਮ ਪੀ ਬ੍ਰਿਜ ਭੂਸ਼ਨ ਸਰਨ ਸਿੰਘ ਦਾ ਪੁਤਲਾ ਫੂਕਿਆ ਗਿਆ ਅਤੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੁਜ਼ਾਹਰੇ ਦੀ ਅਗਵਾਈ ਕਿਸਾਨ ਆਗੂ ਬਲਕਾਰ ਸਿੰਘ ਦੁਧਾਲਾ, ਡਾਕਟਰ ਸ਼ਮਸ਼ੇਰ ਸਿੰਘ ਲੁਹਾਰਕਾ, ਸੁੱਚਾ ਸਿੰਘ ਵੇਰੋਵਾਲ ਤੇ ਰਣਬੀਰ ਸਿੰਘ ਮਜੀਠਾ ਨੇ ਕੀਤੀ। ਇਸ ਮੌਕੇ ਬੁਲਾਰਿਆਂ ਨੇ ਕੇਂਦਰ ਸਰਕਾਰ ਦੀ ਵਿਰੋਧਤਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਕਰਨ ਵਾਲੇ ਵਿਅਕਤੀਆਂ ਦੀ ਮਦਦ ਕਰਕੇ ਮਹਿਲਾ ਪਹਿਲਵਾਨ ਖਿਡਾਰਨਾਂ ਨਾਲ ਜ਼ਬਰਦਸਤ ਧੱਕਾ ਕਰ ਰਹੀ ਹੈ। ਕਿਸਾਨ ਆਗੂਆਂ ਨੇ ਐਸ ਡੀ ਐਮ ਮਜੀਠਾ ਨੂੰ ਮੰਗ ਪੱਤਰ ਦੇਣਾ ਸੀ ਪਰ ਐਸ ਡੀ ਐਮ ਡਾ. ਹਰਨੂਰ ਕੌਰ ਢਿੱਲੋਂ ਹਾਜ਼ਰ ਨਾ ਹੋਣ ਕਰਕੇ ਤਹਿਸੀਲਦਾਰ ਮਜੀਠਾ ਰਤਨਜੀਤ ਧੁੱਲਰ ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਰਵਿੰਦਰਪਾਲ ਸਿੰਘ ਮਜੀਠਾ, ਬਲਜੀਤ ਸਿੰਘ ਤਰਗੜ, ਸਵਰਾਜ ਸਿੰਘ, ਨਵਜੋਤ ਸਿੰਘ, ਮਦਨ ਸਿੰਘ ਕਾਦਰਾਬਾਦ, ਤਿਲਕ ਰਾਜ, ਮੇਜਰ ਸਿੰਘ, ਅੰਗਰੇਜ ਸਿੰਘ ਅਬਦਾਲ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਜਗੀਰ ਸਿੰਘ, ਸਿੰਗਾਰਾ ਸਿੰਘ ਮੁੱਗੋਸੋਹੀ, ਗੁਰਮੀਤ ਸਿੰਘ ਜੇਠੂਵਾਲ, ਸੁਖਵਿੰਦਰ ਸਿੰਘ ਮੈਣੀਆਂ ਕੁਹਾਰਾਂ ਨੇ ਵੀ ਸ਼ਮੂਲੀਆਤ ਕੀਤੀ। ਇਸ ਮੌਕੇ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਬ੍ਰਿਜ ਭੂਸ਼ਨ ਸਰਨ ਨੂੰ ਸਾਰੇ ਅਹੁਦਿਆਂ ਤੋਂ ਖਾਰਜ ਕਰਕੇ ਗ੍ਰਿਫਤਾਰ ਕੀਤਾ ਜਾਵੇ ਅਤੇ ਪਹਿਲਵਾਨ ਖਿਡਾਰਨਾਂ ਨੂੰ ਇਨਸਾਫ ਦਿਵਾਇਆ ਜਾਵੇ। ਇਸ ਮੌਕੇ ਸਵਰਾਜ ਸਿੰਘ, ਹਰਪਾਲ ਸਿੰਘ, ਸ਼ਰਨਜੀਤ ਸਿੰਘ, ਬਿਕਰਮ ਸਿੰਘ ਤੇ ਬਲਬੀਰ ਸਿੰਘ ਨੇ ਵੀ ਸੰਬੋਧਨ ਕੀਤਾ ।

37ਵਾਂ ਜ਼ਿਲ੍ਹਾ ਪੱਧਰੀ ਪੰਚਾਇਤ ਟੂਰਨਾਮੈਂਟ ਸ਼ੁਰੂ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਐਨ. ਆਰ. ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ 37ਵੇਂ ਜ਼ਿਲ੍ਹਾ ਪੱਧਰੀ ਪੰਚਾਇਤ ਟੂਰਨਾਮੈਂਟ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਸ਼ਮੂਲੀਅਤ ਕਰਦੇ ਹੋਏ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਨੇ ਖਿਡਾਰੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਬਹੁਤ ਘੱਟ ਗਈ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਨੌਜਵਾਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਰੁਚਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਇਸ ਪੀੜ੍ਹੀ ਨੂੰ ਨਸ਼ੇ ਦੇ ਬੁਰੇ ਰੁਝਾਨ ਅਤੇ ਹੋਰ ਸਾਮਜਿਕ ਬੁਰਾਈਆਂ ਤੋਂ ਬਚਾਇਆ ਜਾ ਸਕੇ। ਇਸ ਮੌਕੇ ਉਂਕਾਰ ਬਾਜਵਾ, ਚਰਨਦੀਪ ਸਿੰਘ, ਗੁਰਪ੍ਰੀਤ ਸਿੰਘ ਮੱਲੀ, ਜਗਜੀਤ ਸਿੰਘ, ਗੁਰਦੀਪ ਸਿੰਘ ਸਿੱਧੂ, ਬਾਬਾ ਗੁਰਮੁੱਖ ਸਿੰਘ, ਰਾਜਬੀਰ ਸਿੰਘ, ਅਮਨਦੀਪ ਸਿੰਘ ਗਿੱਲ, ਕੇਵਲ ਸਿੰਘ ਲਾਡੀ, ਗੁਰਪ੍ਰੀਤ ਸਿੰਘ ਸਿੱਧੂ, ਰਾਜੂ ਰੰਧਾਵਾ, ਜਰਨੈਲ ਸਿੰਘ, ਦਿਲਬਾਗ ਸਿੰਘ, ਸਿਮਰਨਜੀਤ ਸਿੰਘ, ਸੁਰਖਾਬ ਸਿੰਘ, ਪਵਨਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਪਲਵਿੰਦਰ ਬਾਜਵਾ, ਹੀਰਾ ਸਿੰਘ ਅਤੇ ਕਵਲਦੀਪ ਸਿੰਘ ਮੌਜੂਦ ਸਨ।

0 ਤੋਂ 5 ਸਾਲ ਦੇ ਬੱਚਿਆਂ ਲਈ ਤਿੰਨ ਰੋਜ਼ਾ ਪਲਸ ਪੋਲੀਓ ਰੋਕੂ ਮੁਹਿੰਮ 28 ਤੋਂ: ਸਿਵਲ ਸਰਜਨ

ਪਠਾਨਕੋਟ (ਦਵਿੰਦਰ ਸਿੰਘ)-ਪੋਲੀਓ ਦੀ ਬਿਮਾਰੀ ਨੂੰ ਖਤਮ ਕਰਨ ਵਾਸਤੇ ਸਾਲ 1995 ਵਿਚ ਪਲਸ ਪੋਲਿਓ ਮੁਹਿੰਮ ਸ਼ੁਰੂ ਕੀਤੀ ਗਈ, ਭਾਵੇ ਸਾਲ 2014 ਵਿਚ ਪੋਲੀਓ ਸਮਾਪਤ ਹੋ ਗਿਆ ਸੀ ਪਰ ਅਜੇ ਵੀ ਇਸ ਬੀਮਾਰੀ ਹੋਣ ਦਾ ਖਤਰਾ ਹੈ ਕਿਉਂਕਿ ਭਾਰਤ ਦੇ ਗੁਆਂਢੀ ਦੇਸ਼ ਜਿਵੇਂ ਪਾਕਿਸਤਾਨ, ਅਫਗਾਨਿਸਤਾਨ ਆਦਿ ਵਿੱਚ ਕੇਸ ਅਜੇ ਵੀ ਪਾਏ ਜਾਂਦੇ ਹੈ ਜਿਸ ਕਰਕੇ ਇਹ ਪਲਸ ਪੋਲੀਓ ਮੁਹਿੰਮ ਹਰ ਸਾਲ ਚਲਾਈ ਜਾਂਦੀ ਹੈ। ਇਹ ਪ੍ਰਗਟਾਵਾ ਡਾ. ਕਿਰਨ ਸਿਵਲ ਸਰਜਨ ਪਠਾਨਕੋਟ ਨੇ ਕੀਤਾ। ਇਸੇ ਮੁਹਿੰਮ ਤਹਿਤ ਜਿਲ੍ਹਾਂ ਪਠਾਨਕੋਟ ਵਿੱਚ ਪਹਿਲਾ ਗੇੜ 28, 29, 30 ਮਈ 2023 ਨੂੰ ਹੋਣ ਜਾ ਰਿਹਾ ਹੈ। 681174 ਆਬਾਦੀ ਤੇ 0 ਤੋਂ 5 ਸਾਲ ਦੇ 65577 ਬੱਚੇ ਕਵਰ ਕੀਤੇ ਜਾਣਗੇ। ਇਸ ਦੌਰਾਨ ਕੁੱਲ 96 ਸੁਪਰਵਾਈਜ਼ਰ, 683 ਟੀਮਾ ਅਤੇ 1904 ਟੀਮ ਮੈਂਬਰ ਕੰਮ ਕਰਨਗੇ। ਇਹ ਸਾਰੀ ਐਕਟੀਵਿਟੀ ਕੋਵਿਡ-19 ਦੀਆਂ ਹਦਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਕਾਰਜ ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਵੀ ਇਸ ਮੁਹਿੰਮ ਵਿਚ ਪੂਰਾ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤ ਰਾਜ ਸੰਸਥਾਵਾਂ/ਪੇਂਡੂ ਵਿਕਾਸ ਵਿਭਾਗ: ਬੀ.ਡੀ.ਪੀ.ਓ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮੁਹਿੰਮ ਨੂੰ ਨੇਪਰ ਚੜ੍ਹਾਉਣ ਲਈ ਪੂਰਾ ਪੂਰਾ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਮੂਹਿੰਮ ਦੋਰਾਨ ਹਰੇਕ ਪਿੰਡ ਪੱਧਰ ਤੇ ਜਿੱਥੇ ਗੁੱਜਰ ਡੇਰੇ ਜਾਂ ਮਾਈਗਰੇਟਰੀ ਆਬਾਦੀ ਹੈ ਵਿਖੇ ਸਮੂਹ ਪੰਚਾਇਤ ਦਾ ਇਸ ਮੁਹਿੰਮ ਵਿਚ ਪੂਰਾ ਪੂਰਾ ਸਹਿਯੋਗ ਰਹੇਗਾ। ਖੁਰਾਕ ਅਤੇ ਸਪਲਾਈ ਵਿਭਾਗ ਦੇ ਸਹਿਯੋਗ ਨਾਲ ਭੱਠਿਆ ਦੇ ਮਾਲਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਕਿ ਭੱਠਿਆਂ ਤੇ ਕੰਮ ਕਰਦੇ ਮਜ਼ਦੂਰਾਂ ਦੇ ਸਾਰੇ 0 ਤੋਂ 5 ਸਾਲ ਤੋਂ ਬੱਚਿਆਂ ਨੂੰ ਪਲਸ ਪੋਲੀਓ ਬੂੰਦਾਂ ਪਿਲਾਉਣੀਆਂ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਮੂਹਿੰਮ ਦੋਰਾਨ ਪੋਲਿਓ ਰਾਊਂਡ ਵਿਚ ਬੱਸਾਂ ਦੇ ਸਟਾਪ ਸਥਾਨਾਂ ਤੇ ਆਸ ਪਾਸ ਮਾਈਗਰੇਟਰੀ ਬੱਚਿਆਂ ਨੂੰ ਦਵਾਈ ਪਿਲਾਉਣ ਲਈ ਟੀਮ ਮੈਂਬਰਾਂ ਵੱਲੋਂ ਪੋਲੀਓ ਡਰਾਪ ਪਿਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਮੂਹਿੰਮ ਦੌਰਾਨ ਆਂਗਣਬਾੜੀ ਵਰਕਰਾਂ ਅਤੇ ਹੈਲਪਰਾਂ ਦੀ ਸਹਾਇਤਾਂ ਨਾਲ ਤਿੰਨ ਦਿਨਾਂ ਰਾਊਂਡ ਦੋਰਾਨ ਆਂਗਣਬਾੜੀ ਸੈਂਟਰ ਕਵਰ ਕੀਤੇ ਜਾਣਗੇ। ਗ

20-May-PAGE- 12.qxd 5/19/2023 9:54 PM Page 1

ਲੋਕ ਸੇਵਾ ਕਰਨ ਵਾਲੀਆਂ ਸ਼ਖਸੀਅਤਾਂ ਦਾ ਧਾਰਮਕ ਸਮਾਗਮ ਦੌਰਾਨ ਵਿਸ਼ੇਸ਼ ਸਨਮਾਨ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਨੂਰਪੁਰ ਬੇਦੀ ਵਿਖੇ ਵਿਸ਼ਾਲ ਜਾਗਰਣ ਦੌਰਾਨ ਮੁੱਖ ਮਹਿਮਾਨ ਪੰਜਾਬ ਮੋਰਚੇ ਦੇ ਕਨਵੀਨਰ ਗੌਰਵ ਰਾਣਾ ਤੇ ਜੈ ਮਾਂ ਜਗਦੰਬੇ ਕਲੱਬ ਸਰਪ੍ਰਸਤ ਬਨਾਰਸੀ ਦਾਸ, ਪ੍ਰਧਾਨ ਰਾਜੇਸ਼ ਪੱਪੀ ਤੇ ਸਮੂਹ ਮੈਂਬਰਾਂ ਦੇ ਵਿਸ਼ੇਸ਼ ਉਪਰਾਲੇ ਨਾਲ ਜ਼ਿਲ੍ਹਾ ਰੋਪੜ ਵਿੱਚ ਜ਼ਮੀਨੀ ਪੱਧਰ 'ਤੇ ਵਧੀਆ ਸੇਵਾਵਾਂ ਨਿਭਾਉਣ ਵਾਲੀਆਂ 7 ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਮੰਚ ਤੋਂ ਗੌਰਵ ਰਾਣਾ ਨੇ ਦੱਸਿਆ ਕਿ ਅੱਜ ਸਾਡੇ ਵੱਲੋਂ ਜ਼ਿਲ੍ਹਾ ਰੋਪੜ ਦੇ ਪਿੰਡ ਗੌਹਲਣੀ ਦੇ ਜੁਝਾਰੂ ਗੋਤਾਖੋਰ ਕਮਲਪ੍ਰੀਤ ਸੈਣੀ, ਉਨ੍ਹਾਂ ਦੀ ਪੂਰੀ ਟੀਮ, ਜੋ ਕਿ ਪੰਜਾਬ ਦੇ ਨਾਲ ਨਾਲ ਹਿਮਾਚਲ ਦੇ ਜਲ ਸਰੋਤਾਂ ਨਦੀਆਂ ਤੇ ਭਾਖੜਾ ਡੈਮ ਤੱਕ ਸੂਚਨਾ ਮਿਲਣ ਤੇ ਉੱਥੇ ਪੁੱਜ ਕੇ ਪਾਣੀ ਵਿਚ ਡੁੱਬ ਰਹੇ ਜਾਨਵਰਾਂ, ਕੀਮਤੀ ਵਸਤਾਂ ਤੇ ਇਨਸਾਨਾਂ ਨੂੰ ਬਚਾਉਂਦੇ ਹਨ, ਉਨ੍ਹਾਂ ਦੀ ਪੂਰੀ ਟੀਮ ਦਾ ਇੱਥੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਨੂਰਪੁਰ ਬੇਦੀ ਇਲਾਕੇ ਦੇ ਪਿੰਡ ਲਸਾੜੀ ਨਾਲ ਸੰਬੰਧਤ ਗਿਆਨ ਚੰਦ ਤੇ ਨੂਰਪੁਰਬੇਦੀ ਦੀ ਹੋਣਹਾਰ ਧੀ ਅਨੂੰਪਮ ਸ਼ਰਮਾ ਜੋ ਕਿ ਚੰਡੀਗੜ੍ਹ ਪੀ ਜੀ ਆਈ ਵਿਖੇ ਆਪਣੀਆਂ ਨੌਕਰੀਆਂ ਦੇ ਨਾਲ ਨਾਲ ਇਲਾਕੇ ਦੇ ਹਰ ਲੋੜਵੰਦ ਦੀ ਮਦਦ ਕਰਦੇ ਹਨ, ਇਨ੍ਹਾਂ ਦਾ ਵੀ ਇੱਥੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਪਿੰਡ ਸੈਣੀਮਾਜਰਾ ਦੇ ਸੁਰਿੰਦਰ ਪਾਲ ਬਿੰਦਰ ਜਿਸ ਨੇ ਬੀਤੇ ਦਿਨੀਂ ਪਿੰਡ ਰੌਲੀ ਦੇ ਖੇਤਾਂ ਵਿੱਚ ਤੇਜ਼ੀ ਨਾਲ ਫੈਲ ਰਹੀ ਅੱਗ ਨੂੰ ਰੋਕਣ ਲਈ ਵੱਡਾ ਹੌਸਲਾ ਦਿਖਾਉਂਦਿਆਂ ਆਪਣੇ ਟਰੈਕਟਰ ਨਾਲ ਖੜ੍ਹੀ ਕਣਕ ਦਾ ਇਕ ਕਨਾਲ ਹਿੱਸਾ ਵਾਹ ਕੇ ਨਾਲ ਲਗਦੇ ਕਰੀਬ 20 ਏਕੜ ਰਕਬੇ ਦੀ ਫਸਲ ਨੂੰ ਬਚਾ ਲਿਆ ਸੀ ਤੇ ਨੂਰਪੁਰ ਬੇਦੀ ਨਾਲ ਸੰਬੰਧਤ ਪਾਵਰਕੌਮ ਵਿਚ ਤੈਨਾਤ ਲਾਈਨਮੈਨ ਸੁਰਜੀਤ ਧੀਮਾਨ ਜੋ ਕਿ ਸੂਚਨਾ ਮਿਲਣ 'ਤੇ ਤੁਰੰਤ ਬਿਜਲੀ ਦੀਆਂ ਤਾਰਾਂ ਵਿੱਚ ਫਸੇ ਬੇਜ਼ੁਬਾਨ ਪੰਛੀਆਂ, ਜਾਨਵਰਾਂ ਨੂੰ ਮਹਿਕਮੇ ਨਾਲ ਤਾਲਮੇਲ ਕਰਕੇ ਜਾਨ ਬਚਾ ਦਿੰਦੇ ਹਨ, ਇਨ੍ਹਾਂ ਦਾ ਵੀ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਬੀਤੇ ਮਹੀਨੇ ਦੌਰਾਨ ਨੂਰਪੁਰਬੇਦੀ ਦੇ ਗਰੀਬ ਪਰਵਾਰ ਨਾਲ ਸੰਬੰਧ ਰੱਖਣ ਵਾਲੇ ਨੌਜਵਾਨ ਦੇ ਇਲਾਜ ਦੀ ਇਲਾਕੇ ਦੇ ਸਹਿਯੋਗ ਨਾਲ ਜ਼ਿੰਮੇਦਾਰੀ ਚੁੱਕਣ ਵਾਲੀ ਯੁਵਾ ਸ਼ਕਤੀ ਟੀਮ ਦੇ ਸਮੂਹ ਸਾਥੀਆਂ ਦਾ ਵੀ ਸਨਮਾਨ ਕੀਤਾ ਗਿਆ। ਗੌਰਵ ਰਾਣਾ ਨੇ ਕਿਹਾ ਕਿ ਇਹੀ ਅਸਲ ਜੀਵਨ ਬਦਲਦੇ ਸਿਤਾਰੇ ਹੁੰਦੇ ਹਨ ਜੋ ਕਿ ਵਿਰਲੇ-ਵਿਰਲੇ ਮਿਲਦੇ ਹਨ ਤੇ ਅੱਜ ਸਰਕਾਰਾਂ ਤੇ ਪ੍ਰਸ਼ਾਸਨ ਨੂੰ ਲੋੜ ਹੈ ਕਿ ਕਮਲਪ੍ਰੀਤ ਸੈਣੀ ਵਰਗੇ ਸਾਥੀਆਂ ਨੂੰ ਸਰਕਾਰੀ ਨੌਕਰੀਆਂ ਦੇਣ ਦੀ। ਇਸ ਮੌਕੇ ਕਲੱਬ ਪ੍ਰਧਾਨ ਰਾਜੇਸ਼ ਕੁਮਾਰ ਪੱਪੀ ਤੇ ਸਰਪ੍ਰਸਤ ਬਨਾਰਸੀ ਦਾਸ ਸੇਠੀ ਉੱਪਲ, ਗੌਰਵ ਸ਼ਰਮਾ ਨੇ ਇਨ੍ਹਾਂ ਸਾਰੀਆਂ ਸ਼ਖਸੀਅਤਾਂ ਦਾ ਤੇ ਮੁੱਖ ਮਹਿਮਾਨ ਗੌਰਵ ਰਾਣਾ ਦਾ ਇੱਥੇ ਆਉਣ 'ਤੇ ਧੰਨਵਾਦ ਕੀਤਾ। ਇਸ ਮੌਕੇ ਜੋਗਿੰਦਰ ਕੁਮਾਰ, ਰਾਮ ਪਾਲ ਸ਼ਾਰਧਾ, ਗੁਰਮੀਤ ਕੁਮਾਰ, ਸੋਨੂੰ ਮਹਾਜਨ, ਡਾ. ਦਿਨੇਸ਼ ਹੱਲਣ, ਚੌਧਰੀ ਧਰਮਾ, ਚੌਧਰੀ ਦੁਰਗਾ ਦਾਸ, ਵਿਜੈ ਹੱਲਣ, ਸ਼ਾਮ ਲਾਲ, ਰੋਹਿਤ ਪਾਠਕ, ਸੇਠੀ ਉੱਪਲ, ਗੌਰਵ ਸ਼ਰਮਾ, ਬੰਟੀ

ਐੱਲ ਪੀ ਯੂ ਨੇ ਯੂਥ ਐਂਗੇਜਮੈਂਟ ਪ੍ਰੋਗਰਾਮ ਯੂਥ 20 ਡਾਇਲਾਗ ਦੀ ਕੀਤੀ ਮੇਜ਼ਬਾਨੀ

ਜਲੰਧਰ -(ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਮਹੱਤਵਪੂਰਨ ਚਰਚਾਵਾਂ ਦਾ ਆਯੋਜਨ ਕਰਕੇ ਯੂਥ 20 ਡਾਇਲਾਗ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਇਹ ਆਮ ਤੌਰ 'ਤੇ ਦੇਸ਼ ਦੇ ਨੌਜਵਾਨਾਂ ਨਾਲ ਅਤੇ ਖਾਸ ਤੌਰ 'ਤੇ ਐਲ ਪੀ ਯੂ ਦੇ ਵਿਦਿਆਰਥੀਆਂ ਨਾਲ ਸਲਾਹ-ਮਸ਼ਵਰਾ ਕਰਨ ਲਈ ਇੱਕ ਬਿਹਤਰ ਕੱਲ੍ਹ ਦੇ ਵਿਚਾਰਾਂ ਤੇ ਅਤੇ ਕਾਰਵਾਈ ਲਈ ਏਜੰਡਾ ਤਿਆਰ ਕਰਨ ਲਈ ਆਯੋਜਿਤ ਕੀਤਾ ਗਿਆ ਸੀ। ਪ੍ਰੋਗਰਾਮ 'ਚ ਅੱਜ ਦੇ ਸੰਸਾਰ ਦਾ ਸਾਹਮਣਾ ਕਰ ਰਹੇ ਪ੍ਰਮੁੱਖ ਮੁੱਦਿਆਂ 'ਤੇ ਚਰਚਾ ਕਰਨ ਲਈ ਵੱਖ-ਵੱਖ ਖੇਤਰਾਂ ਦੇ ਵਿਚਾਰਵਾਨ ਨੇਤਾਵਾਂ ਅਤੇ ਖਾਸ ਬਦਲਾਅ ਲਿਆਉਣ ਵਾਲਿਆਂ ਨੂੰ ਇਕੱਠਾ ਕੀਤਾ ਗਿਆ ਸੀ । ਭਾਰਤ ਦੀ ਜੀ-20 ਪ੍ਰੈਜ਼ੀਡੈਂਸੀ ਦੀ ਥੀਮ- 'ਵਸੁਧੈਵ ਕੁਟੁੰਬਕਮ'- ਭਾਵ ਇੱਕ ਧਰਤੀ, ਇੱਕ ਪਰਵਾਰ ਅਤੇ ਇੱਕ ਭਵਿੱਖ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਬੁਲਾਰਿਆਂ ਨੇ ਸਮੂਹ ਦੇ ਵੱਖ-ਵੱਖ ਪਹਿਲੂਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇੰਡੋ-ਪੈਸੀਫਿਕ ਵਿੱਚ ਭੂ-ਰਾਜਨੀਤਿਕ ਵਿਗਾੜ ਤੋਂ ਲੈ ਕੇ ਸੋਸ਼ਲ ਮੀਡੀਆ ਤੇ ਹਰੀਆਂ ਆਦਤਾਂ ਅਤੇ ਸੱਭਿਆਚਾਰਕ ਹਮਲਿਆਂ ਦੀ ਤਾਕਤ ਤੱਕ, ਬੁਲਾਰਿਆਂ ਨੇ ਗੱਲਬਾਤ ਕੀਤੀ। ਯੂਥ-20 ਗਰੁੱਪ (ਜੀ)-20 ਸੰਮੇਲਨਾਂ ਦਾ ਯੁਵਾ ਸੰਸਕਰਣ ਹੈ। ਵਿਦਿਆਰਥੀਆਂ ਨੇ ਬੁਲਾਰਿਆਂ ਤੋਂ ਵੱਖ-ਵੱਖ ਸਕਾਰਾਤਮਕ ਵਿਚਾਰਾਂ ਦੇ ਨਾਲ ਮਹੱਤਵਪੂਰਨ ਸਵਾਲ-ਜਵਾਬ ਵੀ ਕੀਤੇ । ਜੀ-20 ਦੇ ਯੁੱਗ ਵਿੱਚ ਇੰਡੋ-ਪੈਸੀਫਿਕ ਵਿੱਚ ਭੂ-ਰਾਜਨੀਤਿਕ ਵਿਗਾੜ ਤੇ ਧਿਆਨ ਕੇਂਦਰਿਤ ਕਰਦੇ ਹੋਏ, ਭਾਰਤੀ ਜਲ ਸੈਨਾ ਦੇ ਵਾਈਸ ਐਡਮਿਰਲ ਸ਼ੇਖਰ ਸਿਨਹਾ (ਸੇਵਾਮੁਕਤ) ਨੇ ਮੁਲਾਂਕਣ ਕੀਤਾ ਕਿ ਮੌਜੂਦਾ ਸਮੇਂ ਭਾਰਤ ਲਈ ਆਪਣੇ ਅੰਦਰੂਨੀ ਲੀਡਰਸ਼ਿਪ ਹੁਨਰ ਨੂੰ ਪ੍ਰਗਟ ਕਰਨ ਦਾ ਢੁਕਵਾਂ ਸਮਾਂ ਹੈ। ਯੂ ਕੇ ਨੂੰ ਪਿੱਛੇ ਛੱਡ ਕੇ ਇਹ ਇਸ ਸਮੇਂ ਵਿਸ਼ਵ ਵਿੱਚ ਇੱਕ ਚੰਗੀ ਸਥਿਤੀ ਵਿੱਚ ਹੈ। ਭਾਰਤ ਅਰਥਵਿਵਸਥਾ ਅਤੇ ਫੌਜੀ ਸ਼ਕਤੀ ਦੋਵਾਂ ਵਿੱਚ ਸੰਮਲਿਤ ਲੀਡਰਸ਼ਿਪ ਫੈਲਾਅ ਰਿਹਾ ਹੈ। ਉਨ੍ਹਾਂ ਸਾਰਿਆਂ ਦੇ ਖੁਸ਼ਹਾਲ ਭਵਿੱਖ ਲਈ ਸਾਰੇ ਦੇਸ਼ਾਂ ਦਰਮਿਆਨ ਸਹਿਯੋਗ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ । ਲੁਧਿਆਣਾ ਵਿਖੇ ਇਨਕਮ ਟੈਕਸ ਕਮਿਸ਼ਨਰ ਰੋਹਿਤ ਮਹਿਰਾ ਨੇ ਦੱਸਿਆ ਕਿ ਕਿਵੇਂ ਛੋਟੀਆਂ ਆਦਤਾਂ ਧਰਤੀ ਦੀ ਸੁਰੱਖਿਆ ਲਈ ਵੱਡਾ ਫ਼ਰਕ ਲਿਆ ਸਕਦੀਆਂ ਹਨ । ਗਰੀਨ ਮੈਨ ਵਜੋਂ ਜਾਣਿਆ ਜਾਂਦੇ, ਉਨ੍ਹਾਂ ਵਿਦਿਆਰਥੀਆਂ ਨੂੰ ਇੱਕ ਟਿਕਾਊ ਭਵਿੱਖ ਵਿੱਚ ਯੋਗਦਾਨ ਪਾਉਣ ਲਈ ਰੋਜ਼ਾਨਾ ਜੀਵਨ ਵਿੱਚ ਹਰੀਆਂ ਆਦਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।

ਸਕੱਤਰ ਇੰਡੀਆ, ਆਕਾਸ਼ ਝਾਅ ਨੇ ਨਵੇਂ ਭਾਰਤ ਵੱਲ ਭਾਰਤ ਦੇ ਰੋਡਮੈਪ ਵਜੋਂ ਦੱਸਿਆ। ਟਾਈਮਜ਼ ਗਰੁੱਪ ਦੀ ਮੁੱਖ ਪ੍ਰਬੰਧਕ, ਪ੍ਰਿਯੰਕਾ ਦਿਓ ਨੇ ਸੋਸ਼ਲ ਮੀਡੀਆ 'ਤੇ ਹੋਣ ਵਾਲੇ ਸੱਭਿਆਚਾਰਕ ਹਮਲਿਆਂ ਬਾਰੇ ਸਾਂਝਾ ਕੀਤਾ। ਇਸੇ ਤਰ੍ਹਾਂ, ਕੰਟੈਂਟ ਹੈੱਡ, ਲਿੰਕਡਿਨ ਤਾਨਿਆ ਦੂਬੇ ਨੇ ਸਮੱਗਰੀ, ਰਚਨਾਤਮਕਤਾ, ਸੋਸ਼ਲ-ਮੀਡੀਆ, ਸਿਰਜਣਹਾਰ-ਆਰਥਕਤਾ ਬਾਰੇ ਗੱਲ ਕੀਤੀ । ਵਿਜ਼ਿਟਿੰਗ ਐਲੀਟ ਸਪੀਕਰਾਂ ਦਾ ਸਨਮਾਨ ਕਰਦੇ ਹੋਏਐਲ ਪੀ ਯੂ ਦੀ ਪ੍ਰੋ ਚਾਂਸਲਰ ਰਸ਼ਮੀ ਮਿੱਤਲ ਨੇ ਸਾਂਝਾ ਕੀਤਾ ਡਾਇਲਾਗ ਸੋਚ-ਉਕਸਾਉਣ ਵਾਲਾ ਅਤੇ ਗਿਆਨ ਦੇਣ ਵਾਲਾ ਇਵੈਂਟ ਸਾਬਤ ਹੋਇਆ ਹੈ। ਐਲ ਪੀ ਯੂ ਹਮੇਸ਼ਾ ਵਿਦਿਆਰਥੀਆਂ ਅਤੇ ਉਨਾਂ ਦੇ ਮਨਾਂ ਨੂੰ ਸ਼ਕਤੀ ਪ੍ਰਦਾਨ ਕਰਨ ਅਤੇ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਵਚਨਬੱਧ ਹੈ।-

ਮੁੱਖ ਮੰਤਰੀ ਭਗਵੰਤ ਮਾਨ ਦਾ ਜੋਗਿੰਦਰ ਸਿੰਘ ਮਾਨ ਨੇ ਕੀਤਾ ਸਵਾਗਤ

ਫਗਵਾੜਾ (ਡਾ. ਰਮਨ) 'ਸਰਕਾਰ ਤੁਹਾਡੇ ਦੁਆਰ' ਮੁਹਿਮ ਤਹਿਤ ਬੀਤੇ ਦਿਨ ਫਗਵਾੜਾ ਪੁੱਜੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਆਮ ਆਦਮੀ ਪਾਰਟੀ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਅਤੇ ਉਹਨਾਂ ਦੇ ਸਪੁੱਤਰ ਹਰਨੂਰ ਸਿੰਘ ਹਰਜੀ ਮਾਨ ਯੂਥ ਆਗੂ ਵਲੋਂ ਨਿੱਘਾ ਸਵਾਗਤ ਕੀਤਾ ਗਿਆ ਤੇ ਗੁਲਦਸਤਾ ਭੇਂਟ ਕਰਦਿਆਂ ਜਲੰਧਰ ਲੋਕ ਸਭਾ ਹਲਕੇ 'ਚ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ। ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਜਲੰਧਰ ਲੋਕ ਸਭਾ ਜਿਮਨੀ ਚੋਣ ਦੀ ਜਿੱਤ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਅਤੇ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕੀਤੇ ਜਾਣ ਲਈ ਵੋਟਰਾਂ ਵਲੋਂ ਦਿੱਤਾ ਗਿਆ ਸੰਤੁਸ਼ਟੀ ਦਾ ਫਤਵਾ ਹੈ। ਉਹਨਾਂ ਕਿਹਾ ਕਿ ਇਸ ਜਿੱਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਨੇੜਲੇ ਭਵਿੱਖ ਦੀਆਂ ਕਾਰਪੋਰੇਸ਼ਨ ਚੋਣਾਂ ਅਤੇ ਅਗਲੀ ਸਾਲ ਹੋਣ ਵਾਲੀਆਂ ਆਮ ਚੋਣਾਂ ਦੌਰਾਨ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਉੱਪਰ ਆਮ ਆਦਮੀ ਪਾਰਟੀ ਜਲੰਧਰ ਵਾਂਗੂ ਹੀ ਸ਼ਾਨਦਾਰ ਜਿੱਤ ਦਰਜ ਕਰੇਗੀ।

ਯਾਦਗਾਰੀ ਹੋ ਨਿੱਬੜਿਆ ਡਾਕਟਰ ਬੀ ਆਰ ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਤ ਜਾਗਰੂਕ ਸਮਾਗਮ

ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)- ਡਾ. ਬੀ ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਪਿੰਡ ਲਲਵਾਣ ਵੱਲੋਂ ਸਮੂਹ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਨੂੰ ਮੁੱਖ ਰੱਖਦੇ ਹੋਏ ਜਾਗਰੂਕ ਸਮਾਗਮ ਡੇਰਾ ਸੇਵਾਪੁਰੀ ਪਿੰਡ ਲਲਵਾਣ ਵਿਖੇ ਡੇਰਾ ਸੇਵਾਪੁਰੀ ਦੇ ਮੁੱਖ ਸੰਚਾਲਕ ਸੰਤ ਜਗਦੀਸ਼ਵਰਾਨੰਦ ਦੀ ਦੇਖ ਰੇਖ ਹੇਠ ਕਰਵਾਇਆ ਗਿਆ। ਇਸ ਮੌਕੇ ਆਜ਼ਾਦ ਰੰਗਮੰਚ ਫਗਵਾੜਾ ਦੀ ਟੀਮ ਵੱਲੋਂ ਬੀਬਾ ਕਲਵੰਤ ਦੀ ਦੇਖ-ਰੇਖ ਹੇਠ 'ਦਾ ਗ੍ਰੇਟ ਅੰਬੇਡਕਰ' ਨਾਟਕ ਅਤੇ ਸਮਾਜ ਦੇ ਮੌਜੂਦਾ ਹਾਲਾਤ ਨੂੰ ਦਰਸਾਉਂਦੀਆਂ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਵੱਖ ਵੱਖ ਬੁਲਾਰਿਆਂ ਨੇ ਬਾਬਾ ਸਾਹਿਬ ਦੇ ਜੀਵਨ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਚਾਹ ਪਾਣੀ ਅਤੇ ਗੁਰੂ ਕਾ ਲੰਗਰ ਅਤੁੱਟ ਚੱਲਿਆ। ਸੰਤ ਬਾਬਾ ਜਗਦੀਸ਼ਵਰਾਨੰਦ ਅਤੇ ਡਾ. ਬੀ ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਵੱਲੋਂ ਪਤਵੰਤੇ ਸੱਜਣਾਂ, ਵੱਖ ਵੱਖ ਬੁਲਾਰਿਆਂ ਅਤੇ ਸਮਾਗਮ ਦੇ ਸਹਿਯੋਗੀ ਸੱਜਣਾਂ ਦਾ ਬਾਬਾ ਸਾਹਿਬ ਦੀ ਫੋਟੋ ਅਤੇ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਤ ਜਗੀਰ ਦਾਸ, ਰਾਜ ਕੁਮਾਰ ਭਾਟੀਆ ਅਮਰੀਕਾ, ਡਾ. ਬਿੱਕਰ ਸਿੰਘ, ਮੁਕੇਸ਼ ਗੁਜਰਾਤੀ, ਹਰਦੇਵ ਰਾਏ, ਸਾਵਨ ਵਿਰਦੀ, ਅਮਰ ਵਿਰਦੀ, ਹਰੀ ਲਾਲ ਨਫਰੀ, ਅਵਤਾਰ ਸਿੰਘ, ਸੱਤਪਾਲ ਕਲੇਰ, ਅਰਜਿੰਦਰਪਾਲ ਵਣ ਵਿਭਾਗ ਪੰਜਾਬ, ਪ੍ਰੋਫੈਸਰ ਗੁਰਪ੍ਰੀਤ ਸਿੰਘ, ਜਸਪਾਲ ਸਿੰਘ, ਐਡਵੋਕੇਟ ਪਲਵਿੰਦਰ ਮਾਨਾਂ, ਦਵਿੰਦਰ ਬਾਹੋਵਾਲ, ਕੁਲਵਿੰਦਰ ਸਿੰਘ ਕੋਠੀ, ਸੰਤੋਸ਼ ਕੁਮਾਰੀ, ਰਾਮ ਨਾਲ ਸੰਧੂ, ਰਵੀ ਕੁਮਾਰ, ਚੰਨਣ ਕੋਠੀ, ਡਾ. ਸੁਦਰਸਨ , ਰੇਖਾ ਰਾਣੀ ਮਾਹਿਲਪੁਰ, ਤਰਸੇਮ ਕੌਰ, ਬਲਵਿੰਦਰ ਕੌਰ, ਦੀਆ ਰਾਏ, ਜੈਸਮੀਨ, ਨਿਰਮਲ ਸਿੰਘ ਮੁੱਗੋਵਾਲ ਸੰਚਾਲਕ ਨਿਰਵਾਣੂ ਕੁਟੀਆ ਮਾਹਿਲਪੁਰ, ਰਾਕੇਸ਼ ਕਿੱਟੀ,ਜੈ ਰਾਮ ਸੂਬੇਦਾਰ ਸੁਦਰਸਨ ਕੁਮਾਰ, ਸੁਰਿੰਦਰਪਾਲ, ਜਗਦੀਸ਼ ਸਿੰਘ, ਹਰਪਾਲ ਸਿੰਘ, ਬੇਅੰਤ ਰਾਏ, ਜਸਪਾਲ ਸਿੰਘ, ਨਰਿੰਦਰ, ਮਾਸਟਰ ਰਾਮ ਲੁਭਾਇਆ, ਅੰਮ੍ਰਿਤ ਲਾਲ, ਹਰਪਾਲ ਪਾਲੀ, ਬਲਜੀਤ ਸਿੰਘ, ਤਰਲੋਚਨ ਸਿੰਘ ਸੰਧੂ, ਸੁਰਜੀਤ ਕੁਮਾਰ, ਅਸ਼ੋਕ ਕੁਮਾਰ, ਬਲਵੀਰ ਸੰਧੂ, ਸਰਪੰਚ ਸੁਮੀਤ ਗੌਤਮ, ਕੁਲਦੀਪ ਸਿੰਘ ਕੁੱਕੂ, ਮਦਨ ਲਾਲ ਪੱਪੀ ਪੰਚ , ਅਮਰ ਵਿਰਦੀ, ਸਾਵਨ ਵਿਰਦੀ, ਹਰਦੇਵ ਰਾਜੂ, ਅਮਰੀਕ ਸਿੰਘ ਪੰਚ ਮੁਖਲਿਆਣਾ, ਨਰਿੰਦਰ ਸਿੰਘ ਦੋਹਲਰੋ, ਮਾਸਟਰ ਹਰਭਜਨ ਸਿੰਘ ਫੂਲਾ ਸਿੰਘ ਬੀਰਮਪੁਰ ਆਦਿ ਹਾਜ਼ਰ ਸਨ। ਇਸ ਸਾਰੇ ਪ੍ਰੋਗਰਾਮ 'ਚ ਜੀਵਨ ਜਾਗ੍ਰਿਤੀ ਮੰਚ ਗੜ੍ਹਸ਼ੰਕਰ ਵੱਲੋਂ ਵਿਸ਼ੇਸ਼ ਸਹਿਯੋਗ ਪਾਇਆ ਗਿਆ।

ਇਸ ਮੌਕੇ ਪੰਜਵੀਂ ਅਤੇ ਅੱਠਵੀਂ ਕਲਾਸ ਵਿਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਸਮਾਗਮ ਵਿਚ ਹਾਜ਼ਰ ਬੱਚਿਆਂ ਨੂੰ ਕਾਪੀਆਂ ਵੰਡੀਆਂ ਵੰਡੀਆਂ ਗਈਆਂ।

ਆਈ ਕੇ ਜੀ ਪੀ ਟੀ ਯੂ ਦੀਆਂ ਅਪ੍ਰੈਲ-ਮਈ ਸਮੈਸਟਰ ਦੀਆਂ ਪ੍ਰੀਖਿਆਵਾਂ ਸ਼ੁਰੂ

ਜਲੰਧ -(ਸ਼ੈਲੀ ਐਲਬਰਟ)- ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ) ਦੀਆਂ ਸਮੈਸਟਰ ਪ੍ਰੀਖਿਆਵਾਂ ਮੰਗਲਵਾਰ ਤੋਂ ਸ਼ੁਰੂ ਹੋ ਗਈਆਂ ਹਨ। ਪਹਿਲੇ ਦਿਨ ਬੀ.ਟੈਕ ਸਿਵਲ ਇੰਜਨੀਅਰਿੰਗ (ਕੰਕਰੀਟ ਸਟਰਕਚਰ ਦਾ ਡਿਜ਼ਾਈਨ), ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ (ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਮਸ਼ੀਨ ਲਰਨਿੰਗ), ਮਕੈਨੀਕਲ ਇੰਜਨੀਅਰਿੰਗ (ਰਵਾਇਤੀ ਮਸ਼ੀਨ), ਇੰਡਸਟਰੀਅਲ ਇੰਜਨੀਅਰਿੰਗ ਆਦਿ ਦੀਆਂ ਪ੍ਰੀਖਿਆਵਾਂ ਹੋਈਆਂ।ਇਸ ਦੇ ਲਈ ਸੂਬੇ ਭਰ ਦੇ 100 ਤੋਂ ਵੱਧ ਕਾਲਜਾਂ ਵਿੱਚ ਪ੍ਰੀਖਿਆ ਨੋਡਲ ਕੇਂਦਰ ਬਣਾਏ ਗਏ ਸਨ। ਇਸ ਤੋਂ ਪਹਿਲਾਂ ਸਾਰੇ ਅਬਜ਼ਰਵਰਾਂ ਨੂੰ ਆਨਲਾਈਨ ਅਤੇ ਆਫਲਾਈਨ ਮਾਧਿਅਮ ਰਾਹੀਂ ਸਿਖਲਾਈ ਦਿੱਤੀ ਗਈ। ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ ਮਿਸ਼ਰਾ ਨੇ ਯੂਨੀਵਰਸਿਟੀ ਵਿੱਚ ਬਣਾਏ ਗਏ ਪ੍ਰੀਖਿਆ ਕੇਂਦਰਾਂ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਕੰਟਰੋਲਰ ਪ